ਬਲਵੰਤ ਗਾਰਗੀ ਰਚਿਤ ਨਾਟਕ 'ਧੂਣੀ ਦੀ ਅੱਗ' ਦਾ ਅਧਿਐਨ

ਡਾ. ਰਵਿੰਦਰ ਸਿੰਘ

ਰੀਡਰ,

ਦਿਆਲ ਸਿੰਘ ਕਾਲਜ, ਦਿੱਲੀ।

'ਧੂਣੀ ਦੀ ਅੱਗ' ਪੰਜਾਬੀ ਦੇ ਬਹੁ-ਚਰਚਿਤ ਨਾਟਕਕਾਰ ਬਲਵੰਤ ਗਾਰਗੀ ਦਾ ਲਿਖਿਆ ਹੋਇਆ ਨਾਟਕ ਹੈ । ਬਲਵੰਤ ਗਾਰਗੀ ਨੇ ਪੰਜਾਬੀ ਨਾਟਕ ਨੂੰ ਨਵੇਂ ਆਯਾਮ ਦੇਣ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ । ਆਪਣੀ ਨਾਟ-ਸਿਰਜਣਾ ਦੌਰਾਨ ਗਾਰਗੀ ਨੇ ਪੰਜਾਬੀ ਦੇ ਮੁੱਢਲੇ ਨਾਟ ਤੇ ਰੰਗਮੰਚੀ ਸਰੋਕਾਰਾਂ ਤੋਂ ਸ਼ੁਰੂਆਤ ਕਰਕੇ ਛੇਤੀ ਹੀ ਨਵੇਂ ਪ੍ਰਯੋਗ ਕਰਨੇ ਸ਼ੁਰੂ ਕਰ ਦਿੱਤੇ ਸਨ । ਉਸਨੇ ਆਪਣੇ ਨਾਟ ਜਗਤ ਦੀ ਸਿਰਜਣਾ ਬਹੁਤ ਸੰਜੀਦਗੀ ਅਤੇ ਵਚਨਬੱਧਤਾ ਨਾਲ ਕੀਤੀ ਹੈ । ਇਸੇ ਲਈ ਭਾਵੇਂ ਗਾਰਗੀ ਨੇ ਨਾਵਲ, ਕਹਾਣੀ, ਖੋਜ-ਨਿਬੰਧ, ਸਫਰਨਾਮਾ ਅਤੇ ਸਵੈ-ਜੀਵਨੀ ਸਾਹਿਤ ਰੂਪਾਕਾਰਾਂ ਨੂੰ ਵੀ ਅਜ਼ਮਾਇਆ ਪਰ ਨਾਟਕੀ ਸਾਹਿਤ ਨੇ ਉਸ ਨੂੰ ਆਪਣੀ ਸਿਰਜਣਾਤਮਕ ਅਭਿਵਿਅਕਤੀ ਲਈ ਵਧੇਰੇ ਪ੍ਰੇਰਤ ਕੀਤਾ ਹੈ । ਬਲਵੰਤ ਗਾਰਗੀ ਨਾਟਕ-ਲੇਖਕ ਦੇ ਨਾਲੋ ਨਾਲ ਇਕ ਨਿਪੁੰਨ ਨਿਰਦੇਸ਼ਕ ਵੀ ਸਾਬਤ ਹੋਇਆ ਹੈ । ਇਸੇ ਲਈ ਉਸ ਦੇ ਸਾਰੇ ਨਾਟਕ ਥੀਏਟਰ ਉੱਪਰ ਪ੍ਰਸਤੁਤੀ ਲਈ ਮੁਕੰਮਲ ਮੰਨੇ ਜਾਂਦੇ ਹਨ । ਨਾਟਕ ਵਿਚ ਦਿੱਤੇ ਰੰਗਮੰਚੀ ਨਿਰਦੇਸ਼ਨ ਦੇ ਸਟੀਕ ਵੇਰਵਿਆਂ ਕਾਰਣ ਉਸ ਦੇ ਨਾਟਕਾਂ ਦੀ ਪ੍ਰਸਤੁਤੀ ਵਿਚ ਇਕਸਾਰਤਾ ਬਣੀ ਰਹਿੰਦੀ ਹੈ । ਭਾਵ ਇਹ ਕਿ ਜੋ ਸਮੱਸਿਆ ਜਾਂ ਵਿਸ਼ਾ ਉਹ ਨਾਟਕਾਂ ਵਿਚ ਪੇਸ਼ ਕਰਨ ਦਾ ਜਤਨ ਕਰਦਾ ਹੈ ਉਹ ਦਰਸ਼ਕਾਂ ਤਕ ਪੂਰੀ ਤਰ੍ਹਾਂ ਸੰਚਾਰਤ ਹੋ ਜਾਂਦਾ ਹੈ ।

ਬਲਵੰਤ ਗਾਰਗੀ ਨੇ ਆਪਣੀ ਨਾਟ ਸਿਰਜਣਾ ਦਾ ਸਫਰ 'ਲੋਹਾ ਕੁੱਟ' ਨਾਟਕ ਨਾਲ 1944 ਵਿਚ ਸ਼ੁਰੂ ਕੀਤਾ ਜੋ ਕਿ ਯਥਾਰਥਵਾਦੀ ਵਿਧੀ ਨਾਲ ਲਿਖਿਆ ਹੋਇਆ ਨਾਟਕ ਸੀ । ਪੰਜਾਬੀ ਨਾਟਕ ਦਾ ਜਨਮ ਵੀ ਯਥਾਰਥਵਾਦ ਦੀ ਵਿਧੀ ਅਤੇ ਸ਼ੈਲੀ ਨਾਲ ਹੋਇਆ ਸੀ । ਇਸ ਤੋਂ ਬਾਅਦ 'ਬੇਬੇ' ਤੇ 'ਕੇਸਰੋ' ਵੀ ਇਸੇ ਸ਼ੈਲੀ ਨਾਲ ਲਿਖੇ ਗਏ ਨਾਟਕ ਸਨ । ਗਾਰਗੀ ਆਪਣੇ ਨਾਟਕਾਂ ਦੀ ਸਿਰਜਣਾ ਅਤੇ ਪੇਸ਼ਕਾਰੀ ਬਾਰੇ ਪੂਰੀ ਤਰ੍ਹਾਂ ਚੇਤੰਨ ਸੀ ਇਸ ਲਈ ਉਸਨੇ ਜਦੋਂ 'ਕਣਕ ਦੀ ਬੱਲੀ' ਨਾਟਕ ਲਿਖਿਆ ਤਾਂ ਉਸਤੋਂ ਬਾਅਦ ਕਈ ਵਰ੍ਹਿਆਂ ਤਕ ਨਾਟਕ ਰਾਹੀਂ ਆਪਣੀ ਗੱਲ ਕਹਿਣ ਤੋਂ ਗੁਰੇਜ਼ ਕੀਤਾ ਜਿਸਦਾ ਕਾਰਣ ਉਹ ਖ਼ੁਦ ਦੱਸਦਾ ਹੈ:

"ਕਣਕ ਦੀ ਬੱਲੀ ਪਿਛੋਂ ਬਾਰਾਂ ਸਾਲ ਮੈਂ ਕੋਈ ਨਾਟਕ ਨਾ ਲਿਖਿਆ । ਮੇਰੇ ਅੰਦਰ ਕਈ ਨਾਟਕ ਜਨਮੇ ਤੇ ਮਰ ਗਏ ਕਿਉਂ ਜੁ ਉਹ ਇਕ ਨਵਾਂ ਰੂਪ ਤੇ ਨਵੀਂ ਮੰਚ-ਵਿਧੀ ਭਾਲਦੇ ਸਨ । ਮੈਂ ਕਈ ਤੀਬਰ ਸਮੱਸਿਆਵਾਂ ਤੇ ਕਈ ਮਾਨਸਿਕ ਪ੍ਰਵਿਰਤੀਆਂ ਨੂੰ ਇਸ ਸਾਦਾ ਯਥਾਰਥਵਾਦ ਦੇ ਢਾਂਚੇ ਵਿਚ ਪੇਸ਼ ਨਹੀਂ ਸੀ ਕਰ ਸਕਦਾ।"

ਪੱਛਮ ਵਿਚ ਨਾਟਕਾਂ ਵਿਚ ਕਾਫੀ ਤਜ਼ਰਬੇ ਕੀਤੇ ਜਾ ਰਹੇ ਸਨ ਤੇ ਗਾਰਗੀ ਉਨ੍ਹਾਂ ਸਾਰੀਆਂ ਗਤੀਵਿਧੀਆਂ ਬਾਰੇ ਚੰਗੀ ਤਰ੍ਹਾਂ ਵਾਕਫ਼ ਸੀ । ਇਸੇ ਲਈ ਜਦੋਂ ਉਸਨੂੰ ਬਦਲੇ ਹੋਏ ਨਾਟਕੀ ਤੌਰ ਤਰੀਕਿਆਂ ਦੀ ਸੋਝੀ ਹੋਈ ਤਾਂ ਉਸਨੇ ਯਥਾਰਥਵਾਦ ਦਾ ਆਸਰਾ ਛੱਡਕੇ ਆਪਣੀ ਗੱਲ ਨੂੰ ਨਵੇਂ ਤਰੀਕਿਆਂ ਨਾਲ ਪੇਸ਼ ਕਰਨ ਦਾ ਮਨ ਬਣਾ ਲਿਆ । ਇਸ ਮੰਤਵ ਦੀ ਪੂਰਤੀ ਲਈ ਉਸਨੇ ਨਿਰੋਲ ਪੱਛਮੀ ਰੁਝਾਨਾਂ ਦਾ ਅਨੁਸਰਣ ਕਰਨ ਦੀ ਬਜਾਏ ਪਹਿਲਾਂ ਭਾਰਤ ਦੇ ਪ੍ਰਾਚੀਨ ਨਾਟ-ਸਰੋਤਾਂ ਦਾ ਅਧਿਐਨ ਕਰਨ ਵਿਚ ਦਿਲਚਸਪੀ ਵਿਖਾਈ ਅਤੇ ਉਸ ਵਿਚੋਂ ਸ਼ਾਸਤ੍ਰੀ ਸ਼ੈਲੀਆਂ ਅਤੇ ਲੋਕ ਨਾਟ ਪਰੰਪਰਾ ਦਾ ਪ੍ਰਭਾਵ ਕਬੂਲਿਆ। ਇਸ ਨਾਲ ਗਾਰਗੀ ਦੇ ਨਾਟਕਾਂ ਨੂੰ ਜਿਥੇ ਇਕ ਨਵੀਂ ਦਿਸ਼ਾ ਮਿਲੀ ਉਥੇ ਨਾਲ ਹੀ ਉਸਨੂੰ ਇਕ ਪ੍ਰਯੋਗਵਾਦੀ ਨਾਟਕਕਾਰ ਦੀ ਪਛਾਣ ਵੀ ਮਿਲੀ ਜਿਸਦੀ ਨਾਟ ਵਿਧੀ ਅਤੇ ਸ਼ੈਲੀ ਬਿਲਕੁਲ ਨਵੇਕਲੀ ਬਣਕੇ ਉੱਭਰੀ। ਗਾਰਗੀ ਦੇ ਆਪਣੇ ਸ਼ਬਦਾਂ ਵਿਚ-

"ਧੂਣੀ ਦੀ ਅੱਗ ਲਿਖਣ ਲੱਗੇ ਮੇਰੇ ਸਾਹਮਣੇ ਉਨ੍ਹੀਵੀਂ ਸਦੀ ਦੀ ਪੱਛਮੀ ਨਾਟ-ਸ਼ੈਲੀ ਨਹੀਂ ਸੀ, ਨਾ ਹੀ ਸੌ ਸਾਲ ਪੁਰਾਣੇ ਇਬਸਨ ਦੇ ਰਚੇ ਹੋਏ ਨਾਟ-ਲੱਛਣ । ਮੈਂ ਵਰਤਮਾਨ ਦੀ ਪ੍ਰਿਸ਼ਟ-ਭੂਮੀਂ ਵਿਚ ਆਪਣੇ ਵਿਸ਼ੇ ਤੇ ਪਾਤਰਾਂ ਦੇ ਅਨੁਸਾਰ ਨਾਟਕ ਦਾ ਨਵਾਂ ਰੂਪ ਲੱਭ ਰਿਹਾ ਹਾਂ ।"

ਇਸ ਤਰ੍ਹਾਂ ਗਾਰਗੀ ਨੇ ਇਨਸਾਨੀ ਰਿਸ਼ਤਿਆਂ ਦੀ ਡੂੰਘਾਈ ਵਿਚ ਪਈਆਂ ਮਨੋ-ਵਿਗਿਆਨਕ ਤਹਿਆਂ ਨੂੰ ਪੇਸ਼ ਕਰਨ ਵਰਗੇ ਜਲਿਟ ਵਿਸ਼ਿਆਂ ਨੂੰ ਚੁਣਿਆ । ਉਸਦੇ ਨਾਟਕ ਸਮਾਜਕ ਬਣਤਰ ਦੇ ਮਨੋਵਿਗਿਆਨਕ ਵਿਸਤਾਰ ਦੀ ਪੇਸ਼ਕਾਰੀ ਦਾ ਸਾਧਨ ਬਣ ਗਏ ਜਿਸ ਬਾਰੇ ਗਾਰਗੀ ਆਪਣਾ ਇਕ ਖਾਸ ਦ੍ਰਿਸ਼ਟੀਕੋਣ ਰਖਦਾ ਸੀ । ਮਨੁੱਖੀ ਹੋਂਦ ਦੇ ਅਵਚੇਤਨ ਵਿਚ ਪਈਆਂ ਮਨੋਵਿਗਿਆਨਕ ਗੁੰਜਲਾਂ ਨੂੰ ਪੰਜਾਬੀ ਨਾਟਕ ਵਿਚ ਪੇਸ਼ ਕਰਨ ਦੀ ਦਿਲੇਰੀ ਸਬਤੋਂ ਪਹਿਲਾਂ ਗਾਰਗੀ ਨੇ ਹੀ ਕੀਤੀ ਹੈ ।

ਹੱਥਲਾ ਨਾਟਕ 'ਧੂਣੀ ਦੀ ਅੱਗ" ਇਸ ਨੁਕਤੇ ਤੋਂ ਵੇਖਿਆਂ ਇਕ ਨਵੇਕਲਾ ਤੇ ਸਫਲ ਨਾਟਕ ਨਜ਼ਰ ਆਉਂਦਾ ਹੈ। ਇਸ ਨਾਟਕ ਦਾ ਅਧਿਐਨ ਵੀ ਨਿਰੋਲ ਰਵਾਇਤੀ ਨਾਟਕੀ ਜੁਗਤਾਂ ਤੋਂ ਨਹੀਂ ਕੀਤਾ ਜਾ ਸਕਦਾ ਸਗੋਂ ਇਸ ਵਾਸਤੇ ਸਮਾਜ ਸ਼ਾਸਤਰੀ, ਮਨੋਵਿਗਿਆਨਕ, ਸਮਕਾਲੀ ਸੰਵੇਦਨਾ ਤੇ ਨਵੀਂ ਨਾਟਕੀ ਚੇਤਨਾ ਆਦਿ ਦੀ ਵੀ ਲੋੜ ਪੈਂਦੀ ਹੈ । ਇਸ ਨਾਟਕ

ਦੇ ਅਧਿਐਨ ਤੋਂ ਪਹਿਲਾਂ ਅਸੀਂ ਬਲਵੰਤ ਗਾਰਗੀ ਵਲੋਂ ਇਸ ਨਾਟਕ ਬਾਬਤ ਅਰੰਭ ਵਿਚ ਕੀਤੀਆਂ ਗਈਆਂ ਟਿਪਣੀਆਂ ਦੀ ਪਰਖ-ਪੜਤਾਲ ਕਰਦੇ ਹਾਂ ।

"ਦੋ ਤੀਵੀਆਂ ਇਕੋ ਮਰਦ ਨੂੰ ਲੋਚਦੀਆਂ ਹਨ । ਉਸ ਉਤੇ ਪੂਰੀ ਤਰ੍ਹਾਂ ਵਿਜੈ ਪਾਉਣ ਲਈ ਉਸ ਦੇ ਬੀਜ ਨੂੰ ਤਰਸਦੀਆਂ ਹਨ । ਤੀਵੀਂ ਗਰਭਵਤੀ ਹੋਕੇ ਪੂਰਨ ਇਸਤਰੀ ਬਣਦੀ ਹੈ ।ਉਹ ਇਸੇ ਹੋਣੀ ਦੀ ਭਾਗੀ ਹੈ । ਇਸ ਤੋਂ ਬਿਨਾਂ ਉਹ ਅਧੂਰੀ ਹੈ । ਇਸ ਪੂਰਨ ਅਵਸਥਾ ਨੂੰ ਜੀਣ ਲਈ ਦੋਵੇਂ ਤੀਵੀਆਂ ਸਿਰ-ਧੜ ਦੀ ਬਾਜ਼ੀ ਲਾ ਦੇਂਦੀਆਂ ਹਨ ।"

ਇਸ ਟਿਪਣੀ ਤੋ ਨਾਟਕ ਦੇ ਵਿਸ਼ੇ ਅਤੇ ਨਾਟਕੀ ਕਾਰਜ ਦੀ ਜਾਣਕਾਰੀ ਮਿਲ ਜਾਂਦੀ ਹੈ । ਨਾਟਕਕਾਰ ਇਸ ਇਕ ਪ੍ਰਾਚੀਨ ਧਾਰਨਾ ਨੂੰ ਆਪਣੇ ਸਨਮੁੱਖ ਰਖਕੇ ਸਮਕਾਲੀ ਸਮਾਜਕ ਅਤੇ ਮਨੋਵਿਗਿਆਨਕ ਸੰਦਰਭਾਂ ਵਿਚ ਇਸ ਦੀ ਸਾਰਥਕਤਾ ਦੀ ਪੜਤਾਲ ਕਰਨ ਦਾ ਜਤਨ ਕਰਦਾ ਹੈ। ਇਸ ਵਿਸ਼ੇ ਦੀ ਪੇਸ਼ਕਾਰੀ ਲਈ ਨਾਟਕ ਦੇ ਪਾਤਰਾਂ ਵਿਚਕਾਰ ਮਨੋਵਿਗਿਆਨਕ ਪੱਧਰ ਤੇ ਚਲਦੀ ਟੱਕਰ ਜਿਥੇ ਇਕ ਪਾਸੇ ਨਾਟਕਕਾਰ ਦੀ ਬੌਧਿਕਤਾ ਵਲ ਇਸ਼ਾਰਾ ਕਰਦੀ ਹੈ ਉਥੇ ਨਾਲ ਹੀ ਇਹੋ ਜਿਹੀ ਸਥਿਤੀ ਵਿਚ ਉਸਦੀ ਹੋਣੀ ਪਰੰਪਰਾਗਤ ਭਾਰਤੀ ਸਮਾਜਿਕ ਬਣਤਰ ਦੀ ਮਜ਼ਬੂਤ ਪਕੜ ਨੂੰ ਜ਼ਾਹਰ ਕਰਦੀ ਹੈ । ਇਸ ਤਰ੍ਹਾਂ ਇਸ ਨਾਟਕ ਦਾ ਵਿਸ਼ੇ ਅਤੇ ਵਿਧੀ ਪੱਖੋਂ ਵਿਸਤਾਰ ਪ੍ਰਮੁੱਖ ਤੌਰ 'ਤੇ ਦੋ ਪੱਧਰਾਂ ਉੱਤੇ ਹੁੰਦਾ ਹੈ । ਇਕ ਪੱਧਰ ਇਸ ਨਾਟਕ ਦੇ ਵਿਸ਼ੇ ਨੂੰ ਮਨੋਵਿਗਿਆਨਕ ਡੂੰਘਾਈਆਂ ਤਕ ਲੈ ਜਾਂਦੀ ਹੈ ਤਾਂ ਦੂਜੀ ਪੱਧਰ ਇਸਨੂੰ ਇਕ ਨਵੀਂ ਕਿਸਮ ਦੀ ਤ੍ਰਾਸਦੀ ਵਲ ਲੈ ਜਾਂਦੀ ਹੈ । ਇਸ ਲਈ ਇਸ ਨਾਟਕ ਨੂੰ ਗਹਿਰਾਈ ਨਾਲ ਸਮਝਣ ਵਾਸਤੇ ਸਾਨੂੰ ਇਸਦੀਆਂ ਇਨ੍ਹਾਂ ਦੋਹਾਂ ਪੱਧਰਾਂ ਦਾ ਵਿਸਤਾਰ ਨਾਲ ਅਧਿਐਨ ਕਰਨਾ ਪਏਗਾ ।

**'ਧੂਣੀ ਦੀ ਅੱਗ' ਦਾ ਮਨੋਵਿਗਿਆਨਕ ਅਧਿਐਨ**

ਨਾਟਕ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਇਸ ਵਿਧੀ ਬਾਰੇ ਸਪਸ਼ਟਤਾ ਜ਼ਰੂਰੀ ਜਾਪਦੀ ਹੈ । ਇਸ ਮਨੋਰਥ ਨਾਲ ਅਸੀਂ ਇਸ ਸੰਕਲਪ ਦੀ ਵਿਆਖਿਆ ਫਰਾਇਡ ਦੇ ਮਨੋਵਿਸ਼ਲੇਸ਼ਣ ਸੰਬੰਧੀ ਸਿਧਾਂਤ ਦੇ ਕੁਝ ਅਹਿਮ ਨੁਕਤਿਆਂ ਨਾਲ ਸ਼ੁਰੂ ਕਰਦੇ ਹਾਂ । ਫਰਾਇਡ ਨੇ ਮਨੋਵਿਸ਼ਲੇਸ਼ਣ ਸੰਬੰਧੀ ਮੁੱਖ ਤੌਰ 'ਤੇ ਤਿੰਨ ਗੱਲਾਂ ਦੱਸੀਆਂ ਹਨ:

1. ਜਿਆਦਾਤਰ ਲੋਕਾਂ ਦੀ ਬੁੱਧੀ ਦਾ ਕਾਰਜ ਜਾਂ ਅਮਲ ਅਵਚੇਤਨ ਰਾਹੀਂ ਹੁੰਦੇ ਹਨ।
2. ਸਾਰੇ ਲੋਕਾਂ ਦਾ ਵਰਤਾਰਾ ਅੰਤਮ ਤੌਰ 'ਤੇ ਕਾਮੁਕਤਾ ਤੋਂ ਪ੍ਰੇਰਤ ਹੁੰਦਾ ਹੈ ।
3. ਕਾਮ ਸੰਬੰਧੀ ਕੁਝ ਸ਼ਕਤੀਸ਼ਾਲੀ ਸਮਾਜਕ ਬੰਦਸ਼ਾਂ ਕਾਰਣ ਸਾਡੀਆਂ ਬਹੁਤ ਸਾਰੀਆਂ ਇਛਾਵਾਂ ਅਤੇ ਯਾਦਾਂ ਦੱਬੀਆਂ ਰਹਿ ਜਾਂਦੀਆਂ ਹਨ ।

ਫਰਾਇਡ ਨੇ ਮਨੁੱਖ ਦੇ ਹਰ ਚੰਗੇ ਮਾੜੇ ਕਾਰਜ ਪਿੱਛੇ ਕਾਮੁਕਤਾ ਦੀ ਮੌਜੂਦਗੀ ਦੀ ਸ਼ਨਾਖਤ ਕੀਤੀ ਸੀ । ਉਸਦੇ ਵਿਚਾਰ ਅਨੁਸਾਰ ਮਨੁੱਖ ਜੋ ਕੁਝ ਵੀ ਕਰਦਾ ਹੈ ਉਸ ਪਿੱਛੇ ਉਸਦਾ ਅਚੇਤ ਮਨ ਪਿਆ ਹੁੰਦਾ ਹੈ ਜਿਸਦੀ ਸਿਰਜਣਾ ਇਸ ਸਮਾਜ ਤੇ ਸਭਿਆਚਾਰ ਵਿਚ ਵਿਚਰਦਿਆਂ ਹੁੰਦੀ ਰਹਿੰਦੀ ਹੈ । ਅਸੀਂ ਬਹੁਤ ਕੁਝ ਚੇਤਨ ਪੱਧਰ ਉੱਤੇ ਸਿੱਖਦੇ ਹਾਂ ਪਰ ਨਾਲ ਹੀ ਅਚੇਤ ਪੱਧਰ ਉੱਤੇ ਵੀ ਕਾਫੀ ਕੁਝ ਗ੍ਰਹਿਣ ਕਰ ਲੈਂਦੇ ਹਾਂ । ਇਸ ਲਈ ਫਰਾਇਡ ਦਾ ਮੰਨਣਾ ਹੈ ਕਿ ਇਨਸਾਨ ਅਸਲ ਵਿਚ ਉਹ ਹੈ ਜੋ ਕੁਝ ਉਸਦੇ ਅਵਚੇਤਨ ਅੰਦਰ ਪਿਆ ਹੁੰਦਾ ਹੈ । ਸੋ ਫਰਾਇਡ ਆਪਣੇ ਸਿਧਾਂਤ ਦੀ ਬੁਨਿਆਦ ਇਸੇ ਅਵਚੇਤਨ ਉੱਪਰ ਰੱਖਦਾ ਹੈ ਤੇ ਇਸਨੂੰ ਉਹ ਆਪਣੇ ਤੌਰ ‘ਤੇ ਪਰਿਭਾਸ਼ਤ ਵੀ ਕਰਦਾ ਹੈ । ਉਸ ਅਨੁਸਾਰ ਮਨੁੱਖ ਦਾ ਸਾਰਾ ਬੌਧਿਕ ਅਮਲ ਅਵਚੇਤਨ ਦੀ ਪੱਧਰ ‘ਤੇ ਚਲਦਾ ਹੈ ਤੇ ਉਸਦਾ ਸਾਰਾ ਵਿਵਹਾਰ ਕਾਮੁਕਤਾ ਤੋਂ ਪ੍ਰੇਰਤ ਰਹਿੰਦਾ ਹੈ ਜਿਸਨੂੰ ਉਹ ਕਾਮ-ਊਰਜਾ ਵੀ ਆਖਦਾ ਹੈ । ਸਮਾਜ ਜਦ ਇਨ੍ਹਾਂ ਕਾਮ-ਕਾਮਨਾਵਾਂ ਜਾਂ ਇੱਛਾਵਾਂ ਉੱਪਰ ਰੋਕਾਂ ਲਾਉਣ ਦਾ ਉੱਪਰਾਲਾ ਕਰਦਾ ਹੈ ਤਾਂ ਇਹ ਕਾਮਨਾਵਾਂ ਜਾਂ ਇੱਛਾਵਾਂ ਖਤਮ ਤਾਂ ਨਹੀਂ ਹੁੰਦੀਆਂ ਸਗੋਂ ਸਾਡੇ ਦਿਮਾਗ ਅੰਦਰ ਕਿਸੇ ਕੋਣੇ ਵਿਚ ਦੱਬਕੇ ਰਹਿ ਜਾਂਦੀਆਂ ਹਨ । ਫਿਰ ਇਹ ਦਬੀਆਂ ਹੋਈਆਂ ਸਿਮਰਤੀਆਂ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਸੁਭਾ ਜਾਂ ਕਾਰ-ਵਿਹਾਰ ਨੂੰ ਪ੍ਰਭਾਵਤ ਕਰਦੀਆਂ ਹਨ ।

ਇਸ ਬੌਧਿਕ ਅਵਸਥਾ ਨੂੰ ਹੀ ਫਰਾਇਡ ਮਨੁੱਖ ਦਾ ਅਵਚੇਤਨ ਕਹਿੰਦਾ ਹੈ ਜੋ ਦੋ ਤਰ੍ਹਾਂ ਦੀ ਹੈ; ਇਕ ਉਹ ਜੋ ਬਹੁਤ ਸਹਿਜਤਾ ਨਾਲ ਅਵਚੇਤਨ ਤੋਂ ਸਾਡੀ ਚੇਤਨ ਅਵਸਥਾ ਵਿਚ ਪ੍ਰਵੇਸ਼ ਕਰ ਜਾਂਦੀ ਹੈ ਤੇ ਦੂਜੀ ਉਹ ਜਿਸ ਨੂੰ ਚੇਤਨਾ ਵਿਚ ਆਉਣ ਲਈ ਕਾਫੀ ਮੁਸ਼ਕਤ ਕਰਨੀ ਪੈਂਦੀ ਹੈ । ਇਸ ਤਰ੍ਹਾਂ ਸਾਡਾ ਰਿਸ਼ਤਾ ਆਪਣੇ ਅਵਚੇਤਨ ਨਾਲ ਨਿਰੰਤਰ ਬਣਿਆ ਹੀ ਰਹਿੰਦਾ ਹੈ । ਫਰਾਇਡ ਮਾਨਸਿਕਤਾ ਨੂੰ ਤਿੰਨ ਖਾਨਿਆਂ ਵਿਚ ਵੰਡਕੇ ਪਰਿਭਾਸ਼ਤ ਕਰਦਾ ਹੈ : ਇਡ, ਈਗੋ ਅਤੇ ਸੁਪਰ ਈਗੋ

ਇਡ : ਮਨ ਦੀ ਉਹ ਅਵਸਥਾ ਹੈ ਜਿਥੇ ਹਰ ਤਰ੍ਹਾਂ ਦੀ ਕੁਦਰਤੀ ਕਾਮਨਾ, ਲਾਲਸਾ, ਗੁੱਸਾ, ਕਾਮ ਆਦਿ ਪ੍ਰਵਿਰਤੀਆਂ ਆਪਣੇ ਸਹਿਜ ਰੂਪ ਵਿਚ ਮੌਜੂਦ ਰਹਿੰਦੀਆਂ ਹਨ ਜਿਸ ਨੂੰ ਅਸਮਾਜਕ, ਅਨੈਤਿਕ ਤੇ ਕਾਨੂੰਨ-ਰਹਿਤ ਵੀ ਕਿਹਾ ਜਾ ਸਕਦਾ ਹੈ । ਇਹ ਸਭ ਕੁਝ ਕਿਸੇ ਨਤੀਜੇ ਦੀ ਪਰਵਾਹ ਕੀਤੇ ਬਿਨਾਂ ਆਪਣੀ ਸੰਤੁਸ਼ਟੀ ਲੋਚਦੀ ਹੈ ।

ਈਗੋ : ਇਸ ਅਵਸਥਾ ਵਿਚ ਇਡ ਦੇ ਰੂਪ ਵਿਚ ਮੌਜੂਦ ਸਾਰੀਆਂ ਇੱਛਾਵਾਂ ਨੂੰ ਵਿਅਕਤੀਗਤ ਪੱਧਰ ਉੱਤੇ ਬੰਦਸ਼ ਲਗਾਈ ਜਾਂਦੀ ਹੈ ਤਾਂ ਜੋ ਇਹ ਕਿਸੇ ਉਸਾਰੂ ਵਿਵਹਾਰ ਰਾਹੀਂ ਪੂਰੀਆਂ ਹੋ ਸਕਣ। ਕਿਸੇ ਵੀ ਕਾਮਨਾ ਦੀ ਪੂਰਤੀ ਤੋਂ

ਪਹਿਲਾਂ ਮਨ 'ਚੇਤਨਾ' ਵਲ ਤੱਕਦਾ ਹੈ । ਇਹ ਇਕ ਤਰ੍ਹਾਂ ਦੀ ਅਰਧ ਚੇਤਨ ਅਵਸਥਾ ਵੀ ਹੈ ਜੋ ਮਨ ਦੀਆਂ ਬੇਲਗਾਮ ਇੱਛਾਵਾਂ ਨੂੰ ਲਗਾਮ ਲਗਾਉਣ ਦਾ ਜਤਨ ਕਰਦੀ ਹੈ । ਇਸ ਦੇ ਸਾਹਮਣੇ ਸਮਾਜ ਹੁੰਦਾ ਹੈ ।

ਸੁਪਰ ਈਗੋ : ਮਨ ਦਾ ਇਹ ਭਾਗ ਸਮਾਜ ਦੀ ਰਾਖੀ ਕਰਦਾ ਹੈ । ਨੈਤਿਕਤਾ ਦੀਆਂ ਪਾਬੰਦੀਆਂ ਲਗਾਉਣ ਦਾ ਵਸੀਲਾ ਬਣਦਾ ਹੈ । ਕਿਸੇ ਹੱਦ ਤਕ ਇਹ ਮਨੁੱਖ ਦੇ ਅਵਚੇਤਨ ਦਾ ਨਿਰਮਾਣ ਵੀ ਕਰਦਾ ਹੈ। ਇਸ ਵਿਚ ਹੀ ਸਾਰੀ ਮਾਣ ਮਰਿਆਦਾ ਤੇ ਨੈਤਿਕਤਾ ਵਰਗੇ ਸੰਕਲਪ ਮੌਜੂਦ ਰਹਿੰਦੇ ਹਨ ।

ਫਰਾਇਡ ਦੀਆਂ ਇਨ੍ਹਾਂ ਮਾਨਤਾਵਾਂ ਅਨੁਸਾਰ ਜਦ ਅਸੀਂ ਬਲਵੰਤ ਗਾਰਗੀ ਦੇ ਇਸ ਨਾਟਕ ਉੱਪਰ ਵਿਚਾਰ ਕਰਦੇ ਹਾਂ ਤਾਂ ਇਸਦਾ ਮਨੋਵਿਗਿਆਨਕ ਪੱਖ ਸਹਿਜੇ ਹੀ ਉਜਾਗਰ ਹੋ ਜਾਂਦਾ ਹੈ । ਨਾਟਕ ਦੇ ਅਰੰਭ ਵਿਚ ਜਦ ਗਾਰਗੀ ਨਾਟਕ ਦੇ ਵਿਸ਼ੇ ਬਾਰੇ ਜਾਣਕਾਰੀ ਦੇਣ ਦਾ ਜਤਨ ਕਰ ਰਿਹਾ ਹੈ ਕਿ-

'ਧੂਣੀ ਦਾ ਅਰਥ ਇਥੇ ਕਾਮ ਦੀ ਧੂਣੀ ਹੈ, ਜਿਸ ਵਿਚ ਇਸਤਰੀ ਇਕ ਤੱਤ ਰੂਪੀ ਸ਼ਕਤੀ ਹੈ । ਨਾਟਕ ਵਿਚ ਇਸਤਰੀ ਦੀ ਈਰਖਾ ਸਾਧਾਰਣ ਈਰਖਾ ਨਹੀਂ ਸਗੋਂ ਆਦਿ ਕਾਲ ਦਾ ਵੇਗ ਹੈ ਜਿਸ ਦੇ ਤੇਜ ਅੱਗੇ ਵਕਤੀ ਸਮਾਜਕ ਕਦਰਾਂ ਭਸਮ ਹੋ ਜਾਂਦੀਆਂ ਹਨ ।'

ਗਾਰਗੀ ਇਥੇ ਆਦਿ ਕਾਲ ਤੋਂ ਅਵਚੇਤਨ ਦਾ ਹਿੱਸਾ ਬਣੀ ਹੋਈ ਇਕ ਧਾਰਣਾ ਨੂੰ ਨਾਟਕੀ ਕਾਰਜ ਵਿਚ ਪੇਸ਼ ਕਰਨ ਦਾ ਜਤਨ ਕਰ ਰਿਹਾ ਹੈ । ਉਸ ਅਨੁਸਾਰ ਕਾਮ ਦੀ ਧੂਣੀ ਆਦਿ ਕਾਲ ਤੋਂ ਹੀ ਮੌਜੂਦ ਹੈ ਤੇ ਇਸ ਨੂੰ ਦਬਾਉਣ ਜਾਂ ਬੰਦਸ਼ਾਂ ਲਾਉਣ ਦੇ ਬਾਵਜੂਦ ਵੀ ਇਹ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਹੁੰਦੀ ਹੈ ਤੇ ਕਈ ਵਾਰ ਇਸਦਾ ਵੇਗ ਇਨਾਂ ਤੀਬਰ ਹੁੰਦਾ ਹੈ ਕਿ ਇਹ ਤ੍ਰਾਸਦੀ ਦਾ ਕਾਰਣ ਵੀ ਬਣ ਜਾਂਦੀ ਹੈ । 'ਧੂਣੀ ਦੀ ਅੱਗ' ਨਾਟਕ ਇਸੇ ਕਿਸਮ ਦੀ ਮਾਨਸਿਕ ਕਸ਼ਮਕਸ਼ ਦੇ ਰੂਬਰੂ ਹੁੰਦਾ ਹੈ । ਇਸ ਦੀ ਜਟਿੱਲਤਾ ਹੋਰ ਵੀ ਬਲਵਾਨ ਹੋ ਜਾਂਦੀ ਹੈ ਜਦ ਨਾਟਕਕਾਰ ਇਸ ਵਿਚ ਇਕ ਹੋਰ ਪੁਰਾਣੀ ਮਾਨਤਾ ਨੂੰ ਜੋੜ ਦਿੰਦਾ ਹੈ ਕਿ-

'ਨਾਟਕ ਵਿਚ ਉਹ ਆਪ-ਹੁਦਰੀਆਂ ਭਾਵਨਾਵਾਂ ਵੀ ਵਾਪਰਦੀਆਂ ਹਨ, ਜੋ ਨਾਰੀ ਦਾ ਵਿਰਸਾ ਹਨ। ਜਿਸ ਚੀਜ਼ ਨੂੰ ਉਹ ਪਿਆਰ ਕਰਦੀ ਹੈ, ਉਸੇ ਨੂੰ ਨਾਸ ਕਰਨ ਉੱਤੇ ਤੁਲ ਜਾਂਦੀ ਹੈ । ਜਦ ਉਹ ਮਰਦ ਦਾ ਬੀਜ ਗ੍ਰਹਿਣ ਕਰ ਕੇ ਆਪ ਉਸ ਦੇ ਵੰਸ਼ ਨੂੰ ਅੱਗੇ ਤੋਰਦੀ ਹੈ ਤਾਂ ਉਸ ਦੀ ਇਕ ਨਵੀਂ ਮੂਰਤੀ ਨੂੰ ਸਾਕਾਰ ਕਰਦੀ ਹੈ, ਤਾਂ ਉਸ ਨੂੰ ਉਸ ਦੇ ਮੂਲ ਰੂਪ ਦੀ ਲੋੜ ਨਹੀਂ ਰਹਿੰਦੀ । ਉਹ ਆਪਣੇ ਅੰਦਰ ਪੂਰਨ ਹੈ ।'

ਗਾਰਗੀ ਦਾ ਇਹ ਬਿਆਨ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਇਸ ਗੱਲ ਦੀ ਪ੍ਰੋੜਤਾ ਕਰਨ ਲਈ ਅਤੇ ਸਪਸ਼ਟਤਾ ਦੇਣ ਲਈ ਉਹ ਨਾਟਕ ਵਿਚ ਮੌਜੂਦ ਰਹਿੰਦਾ ਹੈ । ਭਾਵ ਇਹ ਕਿ ਉਹ ਨਾਟਕ ਦੇ ਵਿਸ਼ੇ ਬਾਬਤ ਜੋ ਅਰਥ ਸੰਚਾਰ ਕਰਨ ਦਾ ਉਦੇਸ਼ ਰਖਦਾ ਹੈ ਉਸਨੂੰ ਦਰਸ਼ਕਾਂ ਤਕ ਹੂਬਹੂ ਪਹੁੰਚਾਉਣ ਲਈ ਪੂਰੀ ਕੋਸ਼ਿਸ਼ ਕਰਨਾ ਚਾਹੁੰਦਾ ਹੈ । ਇਹ ਨਾਟਕ ਕਾਰਜ ਪੱਧਰ ਉੱਪਰ ਇਨਾਂ ਨਹੀਂ ਵਾਪਰਦਾ ਜਿਨਾਂ ਮਾਨਸਿਕ ਪੱਧਰ ‘ਤੇ ਚਲਦਾ ਹੈ । ਨਾਟਕ ਦਾ ਸਾਰਾ ਤਨਾਓ ਪਾਤਰਾਂ ਦੀ ਮਾਨਸਿਕ ਖਿੱਚੋਤਾਣ ਵਿਚ ਹੈ । ਹਰ ਪਾਤਰ ਇਕ ਦੂਸਰੇ ਨਾਲ ਵੀ ਸੰਘਰਸ਼ ਕਰ ਰਿਹਾ ਹੈ ਤੇ ਖੁਦ ਨਾਲ ਵੀ । ਉਹ ਆਪਣੇ ਅਵਚੇਤਨ ਨਾਲ ਵੀ ਸੰਵਾਦ ਰਚਾ ਰਹੇ ਹਨ ਤੇ ਬਾਹਰੀ ਸਮਾਜਕ ਜੀਵਨ ਦੀਆਂ ਗੁੰਝਲਾਂ ਦਾ ਵੀ ਸਾਹਮਣਾ ਕਰ ਰਹੇ ਹਨ । ਇਹੋ ਸਥਿਤੀ ਨਾਟਕ ਨੂੰ ਮਨੋਵਿਗਿਆਨਕ ਪੱਧਰ ਉੱਤੇ ਅਧਿਐਨ ਕਰਨ ਦੀ ਮੰਗ ਕਰਦੀ ਹੈ । ਜਿਵੇਂ ਕਿ ਫਰਾਇਡ ਦੇ ਮਨੋਵਿਸ਼ਲੇਸ਼ਣ ਬਾਰੇ ਸਿਧਾਂਤ ਦੀ ਗਲ ਕਰਦਿਆਂ ਅਸੀਂ ਇਸ ਨਾਟਕ ਦੇ ਸ਼ੁਰੂ ਵਿਚ ਦਰਜ ਗਾਰਗੀ ਦੇ ਵਿਚਾਰਾਂ ਨਾਲ ਉਸਦੀ ਸਮਾਨਤਾ ਕਾਇਮ ਕੀਤੀ ਸੀ ਤਾਂ ਅਗੋਂ ਇਸੇ ਦ੍ਰਿਸ਼ਟੀ ਤੋਂ ਨਾਟਕ ਦੀ ਪੜਚੋਲ ਕਰਨੀ ਸੌਖੀ ਹੋ ਜਾਂਦੀ ਹੈ । ਇਸ ਪੱਖ ਤੋਂ ਅਸੀਂ ਨਾਟਕ ਦੇ ਕਥਾਨਕ ਅਤੇ ਮੁੱਖ ਘਟਨਾਵਾਂ ਵਲ ਇਕ ਝਾਤ ਮਾਰਦੇ ਹਾਂ-

ਨਾਟਕ ਦੇ ਅਰੰਭ ਵਿਚ ਗਾਰਗੀ ਨਾਟਕ ਦੇ ਸੂਤਰਧਾਰ ਦੇ ਤੌਰ ‘ਤੇ ਦਰਸ਼ਕਾਂ ਨੂੰ ਮੁਖ਼ਾਤਬ ਹੁੰਦਾ ਹੈ ਤੇ ਮੰਚ ਉੱਪਰ ਮੌਜੂਦ ਨਾਟਕ ਦੇ ਮੁੱਖ ਤਿੰਨ ਪਾਤਰਾਂ ਦੀ ਮਾਨਸਿਕ ਸਥਿਤੀ ਬਾਰੇ ਦੱਸਦਾ ਹੈ । ਪਾਤਰਾਂ ਦੇ ਸੁਭਾ ਅਤੇ ਉਨ੍ਹਾਂ ਦੀ ਮੌਜੂਦਾ ਸਥਿਤੀ ਲਈ ਕਾਰਣ ਬਣੀਆਂ ਘਟਨਾਵਾਂ ਦਾ ਜ਼ਿਕਰ ਵੀ ਕਰਦਾ ਹੈ । ਇਥੋਂ ਹੀ ਦਰਸ਼ਕਾਂ ਦੇ ਮਨ ਵਿਚ ਤਿੰਨਾਂ ਪਾਤਰਾਂ ਬਾਰੇ ਇਕ ਨਜ਼ਰੀਆ ਉੱਸਰਦਾ ਹੈ । ਹਾਲਾਂਕਿ ਗਾਰਗੀ ਸ਼ੁਰੂਆਤ ਵਿਚ ਹੀ ਇਹ ਦਾਅਵਾ ਕਰਦਾ ਹੈ ਕਿ ਉਹ ਨਾਟਕ ਦੇ ਅੰਦਰ ਵੀ ਹੈ ਤੇ ਬਾਹਰ ਵੀ ਪਰ ਉਸਦਾ ਵਾਪਰਨ ਵਾਲੀਆਂ ਘਟਨਾਵਾਂ ਉੱਪਰ ਵੱਸ ਨਹੀਂ ਹੈ । ਇਸ ਦਾ ਅਰਥ ਇਹ ਹੈ ਕਿ ਗਾਰਗੀ ਨਾਟਕੀ ਕਾਰਜ ਨੂੰ ਬਹੁਤ ਹੀ ਸਹਿਜਤਾ ਨਾਲ ਵਾਪਰਦਾ ਵਿਖਾਉਣਾ ਚਾਹੁੰਦਾ ਹੈ । ਵਿਅਕਤੀ ਦੀ ਮਾਨਸਿਕ ਅਵਸਥਾ ਜੋ ਉਸਨੂੰ ਕਰਨ ਲਈ ਮਜਬੂਰ ਕਰਦੀ ਹੈ, ਨਾਟਕੀ ਕਾਰਜ ਉਨਾਂ ਆਪ-ਹੁੱਦਰੀਆਂ ਭਾਵਨਵਾਂ ਦਾ ਅਨੁਸਰਨ ਕਰਨਾ ਚਾਹੁੰਦਾ ਹੈ ਜਿਸ ਵਿਚ ਚੇਤਨ ਉੱਪਰ ਅਚੇਤ ਮਨ ਹਾਵੀ ਹੋ ਜਾਂਦਾ ਹੈ ।

ਨਾਟਕ ਦਾ ਇੱਕ ਪਾਤਰ ਹੈ ‘ਅਜੀਤ’ ਜੋ ਕਿ ਇੱਕ ਪੰਜਾਬੀ ਕੁੜੀ ‘ਵੀਨਾ’ ਨਾਲ ਪਿਆਰ ਕਰਦਾ ਹੈ ਤੇ ਵਿਆਹ ਵੀ ਕਰਨ ਵਾਲਾ ਹੈ ਅਤੇ ਦੂਜੇ ਪਾਸੇ ਉਹ ਇੱਕ ਅੰਗਰੇਜ਼ ਕੁੜੀ ‘ਰੀਟਾ’ ਨਾਲ ਵੀ ਪਿਆਰ ਤਾਂ ਕਰਦਾ ਹੈ ਪਰ ਵਿਆਹ ਦੇ ਬੰਧਨ ਤੋਂ ਮੁਕਤ ਰਹਿਣਾ ਚਾਹੁੰਦਾ ਹੈ । ਤਿੰਨਾਂ ਪਾਤਰਾਂ ਦੇ ਜੀਵਨ ਵਿਚ ਇਨ੍ਹਾਂ ਆਪਸੀ ਰਿਸ਼ਤਿਆਂ ਦੀਆਂ ਜਟਿੱਲਤਾਵਾਂ ਕਾਰਣ ਜੋ ਸਥਿਤੀ ਪੈਦਾ ਹੋਈ ਹੈ ਇਹ ਨਾਟਕ ਉਸੇ ਸਥਿਤੀ ਨੂੰ ਨਾਟਕੀ ਕਾਰਜ ਬਣਾਉਂਦਾ ਹੈ । ਰੀਟਾ ਲੰਡਨ ਵਿਚ

ਰਹਿਣ ਵਾਲੀ ਇਕ ਅੰਗਰੇਜ਼ ਕੁੜੀ ਹੈ ਜਿਸਦੀ ਅਜੀਤ ਨਾਲ ਪਹਿਲੀ ਮੁਲਾਕਾਤ ਉਸਦੇ ਪਿੰਡ ਵਿਚ ਹੀ ਹੋਈ ਸੀ ਤੇ ਇਕ ਹਫਤਾ ਲੰਡਨ ਰਹਿਣ ਦੌਰਾਨ ਉਸਦਾ ਅਜੀਤ ਨਾਲ ਸ਼ਰੀਰਕ ਰਿਸ਼ਤਾ ਕਾਇਮ ਹੋ ਜਾਂਦਾ ਹੈ । ਪੱਛਮ ਦੇ ਖੁਲ੍ਹੇ ਮਾਹੌਲ ਵਿਚ ਜੰਮੀ ਪਲੀ ਰੀਟਾ ਨੂੰ ਅਜੀਤ ਨਾਲ ਪਿਆਰ ਹੋ ਜਾਂਦਾ ਹੈ ਜਿਸ ਨੂੰ ਉਹ ਪਹਿਲੀ ਨਜ਼ਰੇ "ਇਕ ਦਰੱਖ਼ਤ ਵਾਂਗ ਜਾਪਦਾ ਸੀ ......ਸਿੱਧਾ, ਉੱਚਾ, ਮਜ਼ਬੂਤ ।"

ਅਜੀਤ ਦੇ ਵਾਪਸ ਪਰਤਣ ਦੇ ਬਾਵਜੂਦ ਉਹ ਉਸ ਨੂੰ ਭੁਲਾ ਨਾ ਸਕੀ ਤੇ ਹੋਰ ਕਿਸੇ ਨੂੰ ਅਪਣਾ ਨਾ ਸਕੀ । ਉਹ ਸੋਚਦੀ ਹੈ ਕਿ ਹਿੰਦੁਸਤਾਨ ਵਿਚ ਔਰਤਾਂ ਪਿਆਰ ਬਾਰੇ ਜਾਣਦੀਆਂ ਹੀ ਨਹੀਂ । ਉਹ ਤਾਂ ਸਿਰਫ ਆਪਣੇ ਮਰਦਾਂ ਨਾਲ ਰਹਿੰਦੀਆਂ ਹਨ, ਪਿਆਰ ਨਹੀਂ ਕਰਦੀਆਂ । ਇਥੇ ਗਾਰਗੀ ਆਪਣੇ ਨਾਟਕ ਦੇ ਵਿਸ਼ੇ ਨੂੰ ਸੇਧ ਦੇਣ ਲਈ ਰੀਟਾ ਨੂੰ ਕਹਿੰਦਾ ਹੈ ਕਿ 'ਹਿੰਦੁਸਤਾਨੀ ਔਰਤ ਆਪਣੇ ਬੱਚੇ ਲਈ ਜਿਊਂਦੀ ਹੈ ।' ਰੀਟਾ ਅੰਦਰ ਅਜੀਤ ਲਈ ਪਿਆਰ ਦਾ ਜਜ਼ਬਾ ਹੀ ਉਸਨੂੰ ਹਿੰਦੁਸਤਾਨ ਲੈ ਆਇਆ ਬਾਵਜੂਦ ਇਸ ਸੱਚਾਈ ਦੇ ਕਿ ਅਜੀਤ ਉਸਨੂੰ ਵੀਨਾ ਨਾਲ ਆਪਣੇ ਵਿਆਹ ਬਾਰੇ ਦਸ ਚੁੱਕਾ ਸੀ । ਮਰਦ ਬਾਰੇ ਉਹ ਸੋਚਦੀ ਸੀ ਕਿ-

ਰੀਟਾ: ਇਕੋ ਮਰਦ ਨੂੰ ਸਭ ਕੁਝ ਸੌਂਪ ਦੇਣਾ ਮੂਰਖਤਾ ਹੈ, ਜ਼ਲਾਲਤ ਹੈ, ਕਮੀਨਗੀ ਹੈ ।ਮੈਨੂੰ ਉਨ੍ਹਾਂ ਔਰਤਾਂ ਨਾਲ ਨਫ਼ਰਤ ਹੈ ਜੋ ਇਕੋ ਮਰਦ ਉੱਤੇ ਆਪਣਾ ਸਭ ਕੁਝ ਕੁਰਬਾਨ ਕਰ ਦਿੰਦੀਆਂ ਹਨ।....

ਉਹ ਕਬੂਲ ਕਰਦੀ ਹੈ ਕਿ ਉਸਦੇ ਕਈ ਪ੍ਰੇਮੀ ਵੀ ਰਹੇ ਪਰ ਉਨ੍ਹਾਂ ਵਿਚੋਂ ਕੋਈ ਉਸਨੂੰ ਬੰਨ੍ਹ ਨਹੀਂ ਸਕਿਆ । ਉਸਦੇ ਅੰਦਰ ਪਿਆਰ ਦਾ ਜਜ਼ਬਾ ਤਾਂ ਹੈ ਪਰ ਉਹ ਕਿਸੇ ਵੀ ਸੰਸਾਰਕ ਬੰਧਨ ਤੋਂ ਮੁਕਤ ਰਹਿਣਾ ਲੋਚਦਾ ਹੈ । ਉਸਦੇ ਤਿੱਖੇ ਤੇ ਤੇਜ਼ ਨੰਹੁ ਉਸਦੇ ਪਿਆਰ ਦੀ ਤੀਬਰਤਾ ਨੂੰ ਹੀ ਦਰਸਾਉਂਦੇ ਹਨ।ਇਸ ਸੀਨ ਵਿਚ ਅਜੀਤ ਉਸਨੂੰ ਅਤੇ ਵੀਨਾ ਨੂੰ ਕੋਈ ਨਾਟਕ ਵਿਖਾਉਣ ਲਈ ਲੈਣ ਆਇਆ ਹੈ ਤੇ ਵੀਨਾ ਦੇ ਦੇਰ ਨਾਲ ਆਉਣ ਕਰਕੇ ਉਹ ਪਹਿਲਾਂ ਹੀ ਚਲੇ ਜਾਂਦੇ ਹਨ। ਗਾਰਗੀ ਇਸ ਸੀਨ ਵਿਚ ਵੀਨਾ ਦੀ ਵਿਚਾਰਗੀ ਵਾਲੀ ਤਸਵੀਰ ਉਲੀਕਦਾ ਹੈ ।

ਇਕ ਪਾਸੇ ਜਿਥੇ ਰੀਟਾ ਅਜੀਤ ਨਾਲ ਆਪਣੇ ਪਿਆਰ ਨੂੰ ਬਿਆਨ ਕਰਦੀ ਹੈ ਉਥੇ ਦੂਜੇ ਪਾਸੇ ਅਜੀਤ ਵੀਨਾ ਨਾਲ ਆਪਣੇ ਰਿਸ਼ਤੇ ਬਾਰੇ ਦੱਸ ਰਿਹਾ ਹੈ ।ਅਜੀਤ ਨੇ ਰੀਟਾ ਨੂੰ ਸਪਸ਼ਟ ਕੀਤਾ ਹੋਇਆ ਹੈ ਕਿ ਉਹ ਉਸ ਨਾਲ ਵਿਆਹ ਨਹੀਂ ਕਰ ਸਕਦਾ ਤੇ ਵੀਨਾ ਨਾਲ ਵਿਆਹ ਕਰ ਰਿਹਾ ਹੈ । ਇਸੇ ਤਰ੍ਹਾਂ ਵੀਨਾ ਵੀ ਅਜੀਤ ਤੇ ਰੀਟਾ ਦੇ ਜਿਸਮਾਨੀ ਰਿਸ਼ਤਿਆਂ ਬਾਰੇ ਜਾਣਦੀ ਹੈ । ਉਸਨੂੰ ਵੀ ਪਤਾ ਹੈ ਕਿ ਅਜੀਤ ਰੀਟਾ ਨਾਲ ਵਿਆਹ ਨਹੀਂ ਕਰੇਗਾ । ਇਸ ਸਥਿਤੀ ਵਿਚ ਵਿਆਹ ਅਤੇ ਪਿਆਰ ਨੂੰ ਪ੍ਰਾਪਤ ਕਰਨ ਦੀ ਧਾਰਣਾ ਦੋ ਵੱਖੋ-ਵੱਖਰੀਆਂ ਪਰਿਭਾਸ਼ਾਵਾਂ ਬਣ ਜਾਂਦੀਆਂ ਹਨ । ਰੀਟਾ ਲਈ

ਪਿਆਰ ਨੂੰ ਹਾਸਲ ਕਰਨ ਵਿਆਹ ਦਾ ਨਾਲ ਕੋਈ ਸੰਬੰਧ ਨਹੀਂ ਹੈ ਜਦ ਕਿ ਵੀਨਾ ਲਈ ਵਿਆਹ ਕਰਨਾ ਹੀ ਪਿਆਰ ਦੀ ਪ੍ਰਾਪਤੀ ਨਜ਼ਰ ਆਉਂਦਾ ਹੈ । ਇਸ ਸਥਿਤੀ ਵਿਚ ਅਜੀਤ ਭਾਰਤੀ ਸਮਾਜਕ ਬਣਤਰ ਅਨੁਸਾਰ ਵੀਨਾ ਨਾਲ ਵਿਆਹ ਕਰਨ ਲਈ ਰਾਜ਼ੀ ਹੈ ਜਦ ਕਿ ਪਿਆਰ ਉਹ ਰੀਟਾ ਨਾਲ ਕਰਦਾ ਹੈ ।

ਇਥੇ ‘ਰੀਟਾ’ ਅਤੇ ‘ਵੀਨਾ’ ਪਿਆਰ ਨੂੰ ਹਾਸਲ ਕਰਨ ਦੀ ਜੱਦੋ-ਜਹਿਦ ਵਿਚ ਨੇ । ਵੀਨਾ ਰੀਟਾ ਤੋਂ ਜ਼ਿਆਦਾ ਖੂਬਸੂਰਤ ਨਹੀਂ ਹੈ ਇਸ ਗਲ ਨੂੰ ਜਾਣਕੇ ਰੀਟਾ ਨੂੰ ਮਾਨਸਿਕ ਸੰਤੁਸ਼ਟੀ ਮਿਲਦੀ ਹੈ ਕਿ ਇਸ ਪੱਖੋਂ ਉਹ ਜਿੱਤ ਗਈ ਹੈ । ਉਸ ਦੀ ਈਰਖਾ ਹੁਣ ਸ਼ਕਲ ਸੂਰਤ ਦੀ ਉੱਪਰਲੀ ਪੱਧਰ ਤੇ ਨਹੀਂ ਰਹਿੰਦੀ । ਪਰ ਫਿਰ ਵੀ ਉਹ ਸੋਚਦੀ ਹੈ ਕਿ ਅਜੀਤ ਉਸ ਨਾਲ ਵਿਆਹ ਕਿਉਂ ਕਰ ਰਿਹਾ ਹੈ ਜਦ ਕਿ ਉਹ ਉਸ ਨਾਲ ਪਿਆਰ ਵੀ ਨਹੀਂ ਕਰਦਾ । ਇਸਦਾ ਜਵਾਬ ਅਜੀਤ ਭਾਰਤ ਦੀ ਸਮਾਜਕ ਵਿਵਸਥਾ ਅਤੇ ਆਪਣੇ ਮਾਲੀ ਹਾਲਾਤ ਵਿਚੋਂ ਦਿੰਦਾ ਹੈ । ਗਰੀਬੀ ਦੀ ਹਾਲਤ ਵਿਚ ਰਹਿਣ ਵਾਲੇ ਅਜੀਤ ਨੂੰ ਅਮੀਰ ਪਿਛੋਕੜ ਵਾਲੀ ਵੀਨਾ ਦੇ ਰੂਪ ਵਿਚ ਬੇਹੱਦ ਪਿਆਰ ਕਰਨ ਵਾਲੀ ਔਰਤ ਦਾ ਸਾਥ ਤਾਂ ਮਿਲ ਹੀ ਰਿਹਾ ਸੀ ਤੇ ਨਾਲ ਹੀ ਇਕ ਸਮਾਜਕ ਦਰਜਾ ਤੇ ਆਰਥਿਕ ਸੁਰਖਿਆ ਵੀ ਮਿਲੀ ਰਹੀ ਸੀ ।

ਪਰ ਅਜੀਤ ਦਾ ਪਿਆਰ ਬਾਰੇ ਨਜ਼ਰੀਆ ਵੀ ਬੰਧਨ ਤੋਂ ਮੁਕਤ ਹੋਣ ਦਾ ਲਖਾਇਕ ਹੈ । ਉਹ ਆਪਣੇ ਪਹਿਲੇ ਪਿਆਰ (ਇਕ ਐਕਟਰਸ) ਬਾਰੇ ਦੱਸਦਾ ਹੈ ਜਿਸ ਨਾਲ ਉਸਨੇ ਜਨੂਨ ਦੀ ਹੱਦ ਤਕ ਪਿਆਰ ਕੀਤਾ ਤੇ ਮਗਰੋਂ ਇਕ ਦੂਜੇ ਨੂੰ ਤਬਾਹ ਕਰਨ ਦੀ ਹਾਲਤ ਤਕ ਜਾ ਪੁੱਜੇ । ਵੀਨਾ ਨਾਲ ਉਸਨੇ ਆਪਣੀਆਂ ਸਮਾਜਕ ਲੋੜਾਂ ਪੂਰੀਆਂ ਕਰਨ ਖਾਤਰ ਪਿਆਰ ਅਤੇ ਵਿਆਹ ਕਬੂਲ ਕੀਤਾ । ਇਸ ਸੀਨ ਵਿਚ ਰੀਟਾ ਆਪਣੇ ਇਕ ਸੁਫ਼ਨੇ ਦੀ ਗੱਲ ਵੀ ਕਰਦੀ ਹੈ ਤੇ ਇਸ ਬਾਰੇ ਵੀ ਚੇਤਨ ਹੈ ਕਿ ਫਰਾਇਡ ਸੁਫ਼ਨਿਆਂ ਨੂੰ ਸਾਡੀਆਂ ਅਪੂਰਨ ਇੱਛਾਵਾਂ ਦਾ ਅਕਸ ਦੱਸਦਾ ਹੈ । ਅਜੀਤ ਰੀਟਾ ਨੂੰ ਬੱਚੇ ਦੀ ਇੱਛਾ ਬਾਰੇ ਦੱਸਦਾ ਹੈ । ਉਹ ਦਸਦਾ ਹੈ ਕਿ ਉਸਦੇ ਦਾਦੇ ਨੇ ਬਾਪੂ ਨੂੰ ਉਸਦੀ ਨਸਲ ਨਾ ਤੁਰਨ ਦੀ ਦੁਰਅਸੀਸ ਦਿੱਤੀ ਸੀ । ਇਸ ਲਈ ਅਜੀਤ ਪੁੱਤ ਦੀ ਇੱਛਾ ਰਖਦਾ ਹੈ ਤੇ ਰੀਟਾ ਉਸਦੀ ਇਹ ਇੱਛਾ ਪੂਰੀ ਕਰਨ ਦਾ ਮਨ ਬਣਾ ਲੈਂਦੀ ਹੈ ।

ਨਾਟਕ ਦੇ ਇਕ ਸੀਨ ਵਿਚ ਰੀਟਾ ਮੂਰਤੀ ਬਣਾ ਰਹੀ ਹੈ ਤੇ ਉਸਨੂੰ ਬੌਲਦ ਨਾਲੋਂ ਔਰਤ ਦਾ ਬੁੱਤ ਬਨਾਉਣਾ ਵਧੇਰੇ ਸੌਖਾ ਲਗਦਾ ਹੈ । ਅਰਥਾਤ ਉਸਨੂੰ ਮਰਦ ਬਹੁਤ ਹੀ ਗੁੰਝਲਦਾਰ ਤੇ ਔਰਤ ਬੇਹਦ ਸਰਲ ਜਾਪਦੀ ਹੈ । ਇਸ ਸੀਨ ਵਿਚ ਹੀ ਰੀਟਾ ਤੇ ਵੀਨਾ ਦਾ ਆਹਮਣਾ-ਸਾਹਮਣਾ ਹੁੰਦਾ ਹੈ । ਰੀਟਾ ਉਸਨੂੰ ਅਜੀਤ ਨਾਲ ਆਪਣੇ ਹਰੇਕ ਰਿਸ਼ਤੇ ਬਾਰੇ ਦੱਸਦੀ ਹੈ ਤੇ ਇਸ ਵਿਚੋਂ ਦੋਹਾਂ ਪਾਤਰਾਂ ਦਰਮਿਆਨ ਟਕਰਾਓ ਦੀ ਸਥਿਤੀ ਉਲੀਕੀ ਜਾਂਦੀ ਹੈ । ਰੀਟਾ ਜਦ ਉਸਨੂੰ

ਅਜੀਤ ਦੇ ਬੱਚੇ ਦੀ ਮਾਂ ਬਣਨ ਦੀ ਖਬਰ ਦਸਦੀ ਹੈ ਤਾਂ ਇਸ ਨਾਲ ਵੀਨਾ ਅੰਦਰ ਦਬੀ ਈਰਖਾ ਬਾਹਰ ਆ ਜਾਂਦੀ ਹੈ । ਉਸਨੂੰ ਜਾਪਦਾ ਹੈ ਕਿ ਭਾਵੇਂ ਉਸਦਾ ਅਜੀਤ ਨਾਲ ਵਿਆਹ ਹੋ ਰਿਹਾ ਹੈ ਪਰ ਉਸਦਾ ਬਾਂਝਪਣ ਰੀਟਾ ਅੱਗੇ ਉਸਦੀ ਹਾਰ ਦਾ ਕਾਰਣ ਬਣ ਜਾਏਗਾ । 'ਰੀਟਾ' ਅਜੀਤ ਦੇ ਬੱਚੇ ਦੀ ਮਾਂ ਬਣਕੇ ਆਪਣੇ ਆਪ ਨੂੰ ਪੂਰਨਤਾ ਦਾ ਅਹਿਸਾਸ ਦੇਣਾ ਚਾਹੁੰਦੀ ਹੈ ਤੇ ਅਜੀਤ ਨੂੰ ਹਮੇਸ਼ਾਂ ਲਈ ਆਪਣੇ ਵਿਚ ਸਮੋ ਲੈਣਾ ਚਾਹੁੰਦੀ ਹੈ ਜਦਕਿ ਵੀਨਾ, ਜੋ ਵਿਆਹ ਤੋਂ ਪਹਿਲਾਂ ਗਰਭਪਾਤ ਕਰਾਉਣ ਕਾਰਣ ਹੁਣ ਮਾਂ ਨਹੀਂ ਬਣ ਸਕਦੀ, ਇਹ ਮਹਿਸੂਸ ਕਰਦੀ ਹੈ ਉਹ ਵਿਆਹ ਹੋਣ ਦੇ ਬਾਵਜੂਦ ਮਾਂ ਨਾਂ ਬਣ ਸਕਣ ਦੀ ਸਥਿਤੀ ਵਿਚ ਅਜੀਤ ਨੂੰ ਪੂਰੀ ਤਰ੍ਹਾਂ ਪ੍ਰਾਪਤ ਨਹੀਂ ਕਰ ਸਕਦੀ ।

ਇਥੇ ਰੀਟਾ ਅਤੇ ਵੀਨਾ ਦੀਆਂ ਸਮਾਜਕ ਸਥਿਤੀਆਂ ਵੱਖਰੀਆਂ ਹਨ । ਰੀਟਾ ਪੱਛਮੀ ਸਭਿਆਚਾਰ ਨਾਲ ਤਾਅਲੁਕ ਰਖਦੀ ਹੈ ਤੇ ਵੀਨਾ ਭਾਰਤੀ । ਦੋਹਾਂ ਸਭਿਆਚਾਰਾਂ ਵਿਚ ਪਿਆਰ, ਕਾਮ ਅਤੇ ਵਿਆਹ ਬਾਰੇ ਦ੍ਰਿਸ਼ਟੀਕੋਣ ਬਹੁਤ ਹੀ ਵੱਖਰੇ ਹਨ ਪਰ ਗਾਰਗੀ ਦੇ ਕਹੇ ਮੁਤਾਬਕ ਇਕ ਗੱਲ ਸਮਾਨ ਹੈ ਕਿ ਇਸਤਰੀ ਜਦ ਮਰਦ ਨੂੰ ਇੱਕ ਬੀਜ ਰੂਪ ਵਿਚ ਆਪਣੀ ਕੁੱਖ ਅੰਦਰ ਗ੍ਰਹਿਣ ਕਰ ਲੈਂਦੀ ਹੈ ਤਾਂ ਉਸਨੂੰ ਆਪਣੀ ਪੂਰਨਤਾ ਦਾ ਅਹਿਸਾਸ ਹੁੰਦਾ ਹੈ ਤੇ ਉਸ ਨੂੰ ਮੂਲ ਰੂਪ ਵਿਚ ਮਰਦ ਦੀ ਲੋੜ ਨਹੀਂ ਰਹਿੰਦੀ । ਇਹ ਮਾਨਸਿਕਤਾ ਨਾਟਕ ਦੇ ਪੂਰੇ ਕਾਰਜ ਉੱਪਰ ਹਾਵੀ ਹੈ । ਦੋਵੇਂ ਇਸਤਰੀ ਪਾਤਰ ਇਸੇ ਸਥਿਤੀ ਦੀ ਸੱਚਾਈ ਨੂੰ ਮੰਨਦਿਆਂ ਆਪੋ ਵਿਚ ਜੂਝ ਰਹੇ ਨਜ਼ਰ ਆਉਂਦੇ ਹਨ । ਰੀਟਾ ਨੂੰ ਅਜੀਤ ਨਾਲ ਸ਼ਰੀਰਕ ਸੰਬੰਧ ਬਨਾਉਣ ਮਾਤਰ ਨਾਲ ਹੀ ਸੰਤੁਸ਼ਟੀ ਨਹੀਂ ਹੈ । ਕਿਉਂਕਿ ਉਹ ਅਜੀਤ ਨੂੰ ਪਿਆਰ ਕਰਦੀ ਹੈ ਤੇ ਪੂਰੀ ਤਰ੍ਹਾਂ ਹਾਸਲ ਕਰਨਾ ਚਾਹੁੰਦੀ ਹੈ ਇਸ ਲਈ ਉਹ ਉਸ ਤੋਂ ਇੱਕ ਬੱਚਾ ਚਾਹੁੰਦੀ ਹੈ । ਬੱਚੇ ਦੀ ਪ੍ਰਾਪਤੀ ਨਾਲ ਇੱਕ ਤਾਂ ਉਸਨੂੰ ਪੂਰਨਤਾ ਦਾ ਅਹਿਸਾਸ ਹੋਣਾ ਸੀ ਤੇ ਦੂਜਾ ਜਿੱਤ ਦਾ ।

ਜਿੱਤ ਦਾ ਅਹਿਸਾਸ ਇਸ ਲਈ ਕਿਉਂਕਿ ਵੀਨਾ ਉਸਨੂੰ ਇਕ ਦੁਸ਼ਮਣ ਵਾਂਗ ਜਾਪਦੀ ਹੈ ਜੋ ਕਿ ਅਜੀਤ ਨਾਲ ਵਿਆਹ ਕਰਕੇ ਉਸਨੂੰ ਪ੍ਰਾਪਤ ਕਰ ਲੈਣ ਦੀ ਜਿੱਤ ਦਾ ਦਾਅਵਾ ਕਰਨਾ ਚਾਹੁੰਦੀ ਹੈ । ਇਥੇ ਰੀਟਾ ਚੰਗੀ ਤਰ੍ਹਾਂ ਜਾਣਦੀ ਹੈ ਕਿ ਵੀਨਾ ਅਜੀਤ ਨੂੰ ਬੱਚਾ ਨਹੀਂ ਦੇ ਸਕਦੀ ਤੇ ਅਜੀਤ ਬੱਚਿਆਂ ਨਾਲ ਬਹੁਤ ਪਿਆਰ ਕਰਦਾ ਹੈ ਤੇ ਆਪਣਾ ਵੰਸ਼ ਅੱਗੇ ਤੋਰਨ ਲਈ ਬੱਚੇ ਦੀ ਲਾਲਸਾ ਵੀ ਰੱਖਦਾ ਹੈ । ਇਸੇ ਸਥਿਤੀ ਵਿਚ ਰੀਟਾ ਇੱਕ ਵਾਰ ਪਹਿਲਾਂ ਗਰਭਵਤੀ ਹੁੰਦੀ ਹੈ ਤੇ ਬਾਅਦ ਵਿਚ ਉਸਦਾ ਬੱਚਾ ਕੁੱਖ ਵਿਚ ਹੀ ਖਤਮ ਹੋ ਜਾਂਦਾ ਹੈ । ਨਾਟਕ ਵਿਚ ਬੱਚੇ ਨੂੰ ਜਨਮ ਦੇਣ ਦੀ ਜੋ ਲਾਲਸਾ ਰੀਟਾ ਅੰਦਰ ਹੈ ਉਹ ਭਾਵਨਾ ਵੀਨਾ ਲਈ ਈਰਖਾ ਦਾ ਕਾਰਣ ਬਣਦੀ ਹੈ । ਵਿਆਹ ਕਰਕੇ ਅਜੀਤ ਨੂੰ ਹਾਸਲ ਕਰਨ ਦੀ ਖੁਸ਼ੀ ਉਸਨੂੰ ਉਨੀਂ ਨਹੀਂ ਸੀ ਜਿੰਨਾਂ ਰੀਟਾ ਦਾ ਮਾਂ ਬਣਨ ਦਾ ਦੁੱਖ ।

ਅਜੀਤ ਤੇ ਰੀਟਾ ਦੇ ਵਾਰਤਾਲਾਪ ਤੋਂ ਸਪਸ਼ਟ ਹੁੰਦਾ ਹੈ ਕਿ ਰੀਟਾ ਤਾਂ ਗਰਭਵਤੀ ਹੋਣ ਦੀ ਖਬਰ ਤੋਂ ਖ਼ੁਸ਼ ਹੈ ਪਰ ਅਜੀਤ ਇਸਨੂੰ ਮੁਸੀਬਤ ਸਮਝਕੇ ਛੁਟਕਾਰਾ ਪਾਉਣ ਦੀ ਸੋਚ ਰਿਹਾ ਹੈ । ਅਜੀਤ ਕਿਉਂਕਿ ਇਕ ਪਰੰਪਰਕ ਭਾਰਤੀ ਸੋਚ ਦਾ ਧਾਰਨੀ ਮਰਦ ਹੈ ਇਸ ਲਈ ਉਹ ਵਿਆਹ ਤੋਂ ਬਾਹਰੇ ਬੱਚੇ ਨੂੰ ਆਪਣਾ ਨਾਂ ਦੇਣ ਤੋਂ ਡਰਦਾ ਹੈ । ਕਾਮ ਦੀ ਪੂਰਤੀ ਲਈ ਤਾਂ ਉਹ ਪੱਛਮੀ ਸਭਿਅਤਾ ਦੇ ਹੱਕ ਵਿਚ ਹੈ ਪਰ ਜਿਥੇ ਨਿਜੀ ਜੀਵਨ ਵਿਚ ਸਮਾਜ ਦਾ ਸਾਹਮਣਾ ਕਰਨ ਦਾ ਸਮਾਂ ਆਉਂਦਾ ਹੈ ਤਾਂ ਉਸਦਾ ਪਰੰਪਰਕ ਭਾਰਤੀ ਸਭਿਆਚਾਰ ਵਾਲਾ ਅਵਚੇਤਨ ਉਸਨੂੰ ਸਮਾਜ ਦੇ ਨੇਮ ਤੋੜਨ ਤੋਂ ਰੋਕਦਾ ਹੈ । ਭਾਵੇਂ ਉਹ ਜਿੰਨਾਂ ਮਰਜ਼ੀ ਅਗਾਂਹਵਧੂ ਸੋਚ ਦਾ ਦਾਅਵਾ ਕਰਦਾ ਹੋਵੇ ਪਰ ਆਪਣੇ ਦਾਦੇ ਵਲੋਂ ਬਾਪੂ ਨੂੰ ਨਿਪੁੱਤਾ ਰਹਿਣ ਦੀ ਬਦਅਸੀਸ ਉੱਪਰ ਪੂਰਾ ਯਕੀਨ ਰਖਦਾ ਹੈ ।

ਫਿਰ ਵੀ ਇਸ ਸਥਿਤੀ ਵਿਚ ਉਹ ਰੀਟਾ ਨੂੰ ਬੱਚੇ ਤੋਂ ਛੁਟਕਾਰਾ ਪਾਉਣ ਦੀ ਸਲਾਹ ਦਿੰਦਾ ਹੈ ਤੇ ਬਹੁਤ ਸਾਰੀਆਂ ਦਲੀਲਾਂ ਵੀ ਦਿੰਦਾ ਹੈ ਪਰ ਰੀਟਾ ਇਸ ਵਾਸਤੇ ਬਿਲਕੁਲ ਤਿਆਰ ਨਹੀਂ ਹੈ । ਉਹ ਬੱਚੇ ਨੂੰ ਜਨਮ ਦੇਕੇ ਅਜੀਤ ਨੂੰ ਹਮੇਸ਼ਾਂ ਲਈ ਹਾਸਲ ਕਰਨ ਅਤੇ ਵੀਨਾ ਦੀ ਮੌਤ ਬਾਰੇ ਵੀ ਅਚੇਤੇ ਹੀ ਸੋਚਾਂ ਸੋਚਕੇ ਆਪਣੀ ਨਫ਼ਰਤ ਨੂੰ ਪ੍ਰਗਟ ਕਰਦੀ ਹੈ । ਉਸਦੇ ਮਨ ਵਿਚ ਬਚਪਨ ਤੋਂ ਇਹ ਗਲ ਪਈ ਹੋਈ ਹੈ ਕਿ ਇਕ ਵਾਰੀ ਜੀਵ ਹੱਤਿਆ ਕਰਨ ਮਗਰੋਂ ਕਦੀ ਬੱਚਾ ਨਹੀਂ ਹੋਵੇਗਾ ਤੇ ਬੱਚੇ ਨੂੰ ਜ਼ਾਇਆ ਕਰਨਾ ਬਹੁਤ ਵੱਡਾ ਪਾਪ ਹੈ । ਪਰ ਅਜੀਤ ਬੱਚੇ ਦੇ ਰੂਪ ਵਿਚ ਰੀਟਾ ਨਾਲ ਕੋਈ ਸਮਾਜਕ ਰਿਸ਼ਤਾ ਨਹੀਂ ਰੱਖਣਾ ਚਾਹੁੰਦਾ ।

ਰੀਟਾ ਇਥੇ ਬੱਚਾ ਪੈਦਾ ਕਰਨ ਦੀ ਕੁਦਰਤੀ ਲੋੜ ਨੂੰ ਹਰ ਕੀਮਤ ਉੱਤੇ ਪੂਰਾ ਕਰਨਾ ਚਾਹੁੰਦੀ ਹੈ ਤੇ ਨਫ਼ਰਤ ਦੀ ਇੰਤਹਾ ਵਿਚ ਆਪਣੇ ਇਰਾਦੇ ਵੀ ਜ਼ਾਹਰ ਕਰ ਦਿੰਦੀ ਹੈ –

‘ਮਨੁੱਖੀ ਸਰੀਰ ਸਿਰਫ ਦਿਲ ਲੁਭਾਉਣ ਵਾਲੀ ਚੀਜ਼ ਨਹੀਂ, ਇਹ ਹੋਰ ਵੀ ਕਿਸੇ ਕੰਮ ਆਉਂਦੀ ਹੈ। ਤੇਰੇ ਦਿਲ ਅੰਦਰ ਔਰਤ ਦੇ ਸਰੀਰ ਲਈ ਕੋਈ ਇੱਜ਼ਤ ਨਹੀਂ ।’

‘ਮੈਂ ਤੇਰੀ ਰਾਤ ਦਾ ਗਲ ਘੁਟ ਕੇ ਉਸਦਾ ਨੀਲਾ ਲਹੂ ਪੀ ਸਕਦੀ ਹਾਂ। ਮੈਨੂੰ ਤੈਥੋਂ ਨਫ਼ਰਤ ਹੈ !’

ਇਥੇ ਨਾਟਕ ਚੇਤਨ-ਅਵਚੇਤਨ ਵਿਚਕਾਰ ਸੰਵਾਦ ਪੇਸ਼ ਕਰ ਰਿਹਾ ਹੈ । ਸਮਾਜਕ ਅਵਚੇਤਨ ਦਾ ਪ੍ਰਤੀਕ ਅਜੀਤ ਕਿਸੇ ਵੀ ਤਰ੍ਹਾਂ ਸਮਾਜਕ ਬਣਤਰ ਤੋਂ ਬਾਹਰ ਨਹੀਂ ਜਾਣਾ ਚਾਹੁੰਦਾ ਜਦਕਿ ਰੀਟਾ ਆਪਣੀ ਕੁਦਰਤੀ ਲੋੜ ਦੀ ਪੂਰਤੀ ਲਈ ਸਮਾਜਕ ਤਾਣੇ ਬਾਣੇ ਨਾਲ ਟੱਕਰ ਲੈਣ ਲਈ ਤਿਆਰ ਹੈ । ਇਸ ਸੀਨ ਵਿਚ ਨਾਟਕਕਾਰ ਨੇ ਰੀਟਾ ਦੇ ਜਜ਼ਬੇ ਨੂੰ ਤਿੱਖਾ ਕਰਨ ਲਈ ਦਿਖਾਇਆ ਹੈ ਕਿ ਰੀਟਾ ਸੁੱਤੇ ਪਏ ਅਜੀਤ ਦੀ ਗਰਦਨ ਉੱਪਰ ਹੱਥ ਫੇਰਦੀ ਹੈ । ਇਸੇ ਦੌਰਾਨ ਵੀਨਾ ਵੀ

ਉਥੇ ਆ ਜਾਂਦੀ ਹੈ ਤੇ ਅਜੀਤ ਦੀ ਮੌਤ ਸੰਬੰਧੀ ਸੁਪਨੇ ਦਾ ਜ਼ਿਕਰ ਵੀ ਕਰਦੀ ਹੈ । ਇਸ ਸੀਨ ਦੇ ਵਾਰਤਾਲਾਪ ਵਿਚੋਂ ਭਾਰਤੀ ਇਸਤਰੀ ਦੀ ਸਥਿਤੀ ਦਾ ਇਕ ਪੱਖ ਇਹ ਪੇਸ਼ ਹੁੰਦਾ ਹੈ ਕਿ ਉਹ ਹਰ ਹਾਲਤ ਵਿਚ ਮਰਦ ਦੀ ਸਮਾਜਕ ਤੌਰ ‘ਤੇ ਗੁਲਾਮੀ ਕਰਨ ਲਈ ਤਿਆਰ ਰਹਿੰਦੀ ਹੈ ਭਾਵੇਂ ਉਸਨੂੰ ਆਪਣੀ ਖ਼ੁਦਦਾਰੀ ਤੇ ਗਰੂਰ ਨੂੰ ਛੱਡਣਾ ਪਵੇ। ਅਜੀਤ ਵੀਨਾ ਨੂੰ ਥੱਪੜ ਮਾਰਦਾ ਹੈ ਤੇ ਰੀਟਾ ਦੋਹਾਂ ਨੂੰ ਬਾਹਰ ਕੱਢ ਦਿੰਦੀ ਹੈ ।

ਅਗੋਂ ਨਾਟਕ ਵਿਚ ਰੀਟਾ ਤੇ ਗਾਰਗੀ ਵਿਚਕਾਰ ਵਾਰਤਾਲਾਪ ਹੁੰਦਾ ਹੈ । ਰੀਟਾ ਵਿਗੜੀ ਮਾਨਸਿਕ ਅਵਸਥਾ ਵਿਚ ਆਪਣੇ ਅਵਚੇਤਨ ਨੂੰ ਪ੍ਰਗਟ ਕਰਦੀ ਹੈ ਅਤੇ ਵੀਨਾ ਨੂੰ ਚੁੜੇਲ ਦੱਸਦੀ ਹੈ ਜੋ ਉਸਦੇ ਬੱਚੇ ਨੂੰ ਮੁਕੰਮਲ ਹੋਣ ਤੋਂ ਰੋਕ ਰਹੀ ਹੈ-

‘ਰੀਟਾ: ਸ਼ਾਮ ਨੂੰ । ਉਹ ਇਥੇ ਸੀ...ਉਸ ਪਲੰਘ ਉਤੇ...ਤੇ ਮੇਰੀ ਛਾਤੀ ਉਤੇ ਸਿਰ ਰੱਖ ਕੇ ਸੁੱਤਾ ਪਿਆ ਸੀ । ...ਮੈਂ ਦੇਖਿਆ ਹੌਲੀ ਹੌਲੀ ਉਸ ਦੇ ਹੱਥ ਛੋਟੇ ਹੁੰਦੇ ਗਏ...ਬੱਚੇ ਦੇ ਨਿੱਕੇ ਨਿੱਕੇ ਹੱਥਾਂ ਵਾਂਗ । ਐਨ ਉਸ ਵੇਲੇ ਉਹ ਚੁੜੇਲ ਆ ਗਈ ।’

ਰੀਟਾ ਦੇ ਇਸ ਖਿਆਲ ਰਾਹੀਂ ਨਾਟਕਕਾਰ ਆਪਣੇ ਵਿਸ਼ੇ ਵਲ ਵਧ ਰਿਹਾ ਹੈ ਕਿ ਰੀਟਾ ਅਜੀਤ ਨੂੰ ਆਪਣੀ ਕੁੱਖ ਵਿਚ ਸਾਂਭਣ ਦੀ ਪ੍ਰਕਿਰਿਆ ਵਿਚ ਹੈ ਤੇ ਉਸਦੀ ‘ਪੂਰਨਤਾ’ ਹਾਸਲ ਕਰਨ ਦੀ ਲਾਲਸਾ ਵਧ ਰਹੀ ਹੈ । ਵੀਨਾ ਇਸ ਸਥਿਤੀ ਵਿਚ ਉਸਨੂੰ ਚੁੜੇਲ ਵਾਂਗ ਜਾਪਦੀ ਹੈ । ਇਸ ਤਰ੍ਹਾਂ ਦੋਹਾਂ ਵਿਚਕਾਰ ਈਰਖਾ ਵਧਦੀ ਜਾਂਦੀ ਹੈ ।ਇਸ ਮਾਨਸਿਕ ਗੁੰਝਲ ਨੂੰ ਸਮਾਜਕ ਤੌਰ ‘ਤੇ ਸਪਸ਼ਟ ਕਰਨ ਲਈ ਨਾਟਕਕਾਰ ਤਿੰਨਾਂ ਪਾਤਰਾਂ ਨੂੰ ਡਾਕਟਰ ਅਤੇ ਸਾਧ ਦੇ ਰੂਬਰੂ ਪੇਸ਼ ਕਰਦਾ ਹੈ । ਇਹ ਦੋਵੇਂ ਪਾਤਰ ਵਰਤਮਾਨ ਅਤੇ ਪੁਰਾਤਨ ਸਮਾਜਕ ਸਥਿਤੀਆਂ ਵਿਚਕਾਰ ਸਮਾਨਤਾ ਲਿਆ ਰਹੇ ਨਜ਼ਰ ਆਉਂਦੇ ਹਨ । ਦੋਵੇਂ ਹੀ ਭਾਰਤੀ ਸਮਾਜ ਵਿਚ ਬਿਨਾਂ ਵਿਆਹ ਦੇ ਬੱਚੇ ਨੂੰ ਅਪ੍ਰਵਾਨ ਮੰਨਦੇ ਹਨ ਪਰ ਇਹ ਵੀ ਦਾਅਵਾ ਕਰਦੇ ਹਨ ਕਿ ਇਕ ਇਸਤਰੀ ਹੋਣ ਦੇ ਨਾਤੇ ਬੱਚਾ ਪੈਦਾ ਕਰਨਾ ਜ਼ਰੂਰੀ ਹੈ ਤੇ ਇਸਨੂੰ ਜ਼ਾਇਆ ਕਰਨਾ ਪਾਪ ਹੈ । ਜਿਸਦੀ ਸਜਾ ਕੁਦਰਤ ਆਪ ਦਿੰਦੀ ਹੈ ।

ਰੀਟਾ ਦੀ ਇਕ ਡਾਕਟਰ ਨਾਲ ਮੁਲਾਕਾਤ ਰਾਹੀਂ ਭਾਰਤੀ ਸਮਾਜ ਦੇ ਪਿਛੋਕੜ ਨੂੰ ਬੇਹਤਰ ਢੰਗ ਨਾਲ ਪੇਸ਼ ਕੀਤਾ ਗਿਆ ਹੈ । ਡਾਕਟਰ ਦੀ ਸੋਚ ਪਰੰਪਰਕ ਹੈ ਅਤੇ ਉਹ ਰੀਟਾ ਨੂੰ ਬੱਚਾ ਨਾ ਪੈਦਾ ਕਰਨ ਦੀ ਸਲਾਹ ਦਿੰਦਿਆਂ ਸਮਾਜ ਅਤੇ ਵਿਹਾਰਕ ਔਕੜਾਂ ਦੀ ਦਲੀਲਾਂ ਪੇਸ਼ ਕਰਦਾ ਹੈ । ਰੀਟਾ ਨੂੰ ਉਹ ਕਹਿੰਦਾ ਹੈ ਕਿ ਉਸਨੇ ਵਿਆਹ ਤੋਂ ਪਹਿਲਾਂ ਬੱਚਾ

ਜ਼ਾਇਆ ਕਰਕੇ ਪਾਪ ਕੀਤਾ ਹੈ ਤੇ ਹੁਣ ਉਹ ਇਸਦਾ ਨਤੀਜਾ ਭੁਗਤ ਰਹੀ ਹੈ । ਪਰ ਰੀਟਾ ਪੂਰੀ ਤਰ੍ਹਾਂ ਅਟੱਲ ਦਿਸਦੀ ਹੈ-

'ਮੈਂ ਜਾਣਦੀ ਹਾਂ ਮੇਰੀ ਹਾਰ ਹੋਵੇਗੀ । ਪਰ ਮੈਂ ਨਾਮੁਰਾਦ ਹੋ ਕੇ ਜਿੱਤਣ ਦੀ ਥਾਂ ਬਾਮੁਰਾਦ ਹੋਕੇ ਹਾਰਨਾ ਜ਼ਿਆਦਾ ਪਸੰਦ ਕਰਦੀ ਹਾਂ!'

ਇਸਤੋਂ ਰੀਟਾ ਦੇ ਇਰਾਦੇ ਹੋਰ ਸਪਸ਼ਟ ਹੋ ਜਾਂਦੇ ਹਨ ਕਿ ਉਹ ਹਰ ਕੀਮਤ ਉਪਰ ਬੱਚਾ ਪੈਦਾ ਕਰਕੇ ਅਜੀਤ ਨੂੰ ਹਮੇਸ਼ਾਂ ਲਈ ਮਾਨਸਿਕ ਤੌਰ 'ਤੇ ਆਪਣੇ ਕੋਲ ਸਾਂਭ ਕੇ ਰਖ ਲੈਣਾ ਚਾਹੁੰਦੀ ਹੈ । ਇਸੇ ਸੀਨ ਵਿਚ ਡਾਕਟਰ ਅਜੀਤ ਨਾਲ ਵੀ ਗਲ ਕਰ ਰਿਹਾ ਹੈ ਤੇ ਉਸਨੂੰ ਰੀਟਾ ਦੇ ਬਦਲਾ ਲੈਣ ਦੀ ਭਾਵਨਾ ਬਾਰੇ ਦਸਦਾ ਹੈ । ਇਥੇ ਡਾਕਟਰ ਨਾਟਕ ਦੀ ਪਿੱਠਭੂਮੀਂ ਵਿਚ ਪਏ ਇਸ ਵਿਚਾਰ ਨੂੰ ਸਪਸ਼ਟ ਕਰਦਾ ਹੈ-

'ਡਾਕਟਰ: ਤੂੰ ਕੀੜਿਆਂ ਨੂੰ ਕਦੀ ਪਿਆਰ ਕਰਦਿਆਂ ਦੇਖਿਆ ਹੈ? ਭੋਗ ਤੋਂ ਪਿਛੋਂ ਮਦੀਨ ਨਰ ਨੂੰ ਨਿਗਲ ਜਾਂਦੀ ਹੈ । ਨਰ ਦੀ ਉਸਨੂੰ ਕੋਈ ਲੋੜ ਨਹੀਂ ਰਹਿੰਦੀ ਇਹੋ ਨਿਯਮ ਮਰਦ-ਔਰਤਾਂ ਦੇ ਰਿਸ਼ਤੇ ਵਿਚ ਹੈ । ਕੁਝ ਔਰਤਾਂ ਆਪਣੇ ਮਰਦਾਂ ਨੂੰ ਮਾਨਸਿਕ ਤੌਰ ਉਤੇ ਨਿਘਾਰ ਜਾਂਦੀਆਂ ਹਨ।

……..

ਪਿਆਰ ਇਕ ਤਰ੍ਹਾਂ ਦੀ ਆਦਮਖੋਰੀ ਹੀ ਹੈ ।….ਔਰਤ ਮਰਦ ਨੂੰ ਗ੍ਰਸ਼ਣਾ ਚਾਹੁੰਦੀ ਹੈ ।'

ਪਰ ਅਜੀਤ ਰੀਟਾ ਜਾਂ ਬੱਚੇ ਨਾਲ ਕੋਈ ਸਮਾਜਕ ਰਿਸ਼ਤਾ ਨਹੀਂ ਰਖਣਾ ਚਾਹੁੰਦਾ । ਉਹ ਅਜੋਕੇ ਸਮਾਜ ਦਾ ਇਕ ਸਧਾਰਣ ਜਿਹਾ ਹਿੱਸਾ ਬਣਕੇ ਵਿਚਰਦਾ ਹੈ ਜੋ ਸਮਾਜਕ ਤਾਣੇ-ਬਾਣੇ ਅੰਦਰ ਰਹਿ ਕੇ ਹੀ ਆਪਣੀਆਂ ਹਰ ਤਰ੍ਹਾਂ ਦੀਆਂ ਲੋੜਾਂ ਪੂਰੀਆਂ ਕਰਨਾ ਚਾਹੁੰਦਾ ਹੈ ਪਰ ਸਮਾਜ ਤੋਂ ਬਾਹਰ ਜਾਣ ਦੀ ਜੁੱਰਤ ਨਹੀਂ ਕਰ ਸਕਦਾ । ਵੀਣਾ ਵੀ ਅਜੀਤ ਨੂੰ ਆਪਣਾ ਮੰਨ ਚੁੱਕੀ ਹੈ ਕਿਉਂਕਿ ਸਮਾਜਕ ਤੌਰ 'ਤੇ ਉਸਦਾ ਰਿਸ਼ਤਾ ਅਜੀਤ ਨਾਲ ਹਮੇਸ਼ਾਂ ਲਈ ਕਾਇਮ ਹੋਣ ਵਾਲਾ ਹੈ ਪਰ ਕੁਦਰਤ ਦੀ ਹੋਣੀ ਸਾਹਮਣੇ ਉਹ ਆਪਣੇ ਆਪ ਨੂੰ ਅਧੂਰਾ ਸਮਝਦੀ ਹੈ ਤੇ ਰੀਟਾ ਦੀ ਕੁੱਖ ਵਿਚ ਅਜੀਤ ਦੇ ਬੱਚੇ ਦੀ ਗੱਲ ਤੋਂ ਬਹੁਤ ਬੇਚੈਨ ਹੋ ਜਾਂਦੀ ਹੈ । ਉਹ ਵੀ ਭਾਰਤੀ ਸਮਾਜ ਦੀ ਪਰੰਪਰਕ ਸੋਚ ਅਨੁਸਾਰ ਹਰ ਅਪਮਾਨ ਸਹਿਣ ਦੀ ਆਦੀ ਹੈ ਪਰ ਰੀਟਾ ਦੀ ਕੁੱਖ ਵਿਚਲਾ ਬੱਚਾ ਉਸਨੂੰ ਈਰਖਾ ਨਾਲ ਭਰ ਰਿਹਾ ਹੈ ਜੋ ਉਸਨੂੰ ਅਜੀਤ ਦੀ ਪ੍ਰਾਪਤੀ ਦੀ ਪੂਰਣਤਾ ਤੋਂ ਵਾਂਝਿਆਂ ਕਰ ਰਿਹਾ ਜਾਪਦਾ ਹੈ ।

ਅਗਲੇ ਸੀਨ ਵਿਚ ਰੀਟਾ ਅਤੇ ਵੀਣਾ ਦੋਵੇਂ ਵੱਖੋ ਵੱਖ ਇਕ ਸਾਧ ਕੋਲ ਜਾਂਦੀਆਂ ਹਨ । ਰੀਟਾ ਆਪਣੇ ਬੱਚੇ ਦੀ ਰਾਖੀ ਲਈ ਤੇ ਵੀਣਾ ਉਸ ਬੱਚੇ ਨੂੰ ਖਤਮ ਕਰਨ ਦੀ ਇੱਛਾ ਨਾਲ । ਸਾਧ ਦੇ ਪਾਤਰ ਰਾਹੀਂ ਭਾਰਤੀ ਸਭਿਆਚਾਰ ਵਿਚ

ਕਾਮ ਦੇ ਵਿਗੜੇ ਹੋਏ ਰੂਪ ਨਾਲ ਪੈਦਾ ਹੋਈਆਂ ਸਥਿਤੀਆਂ ਨੂੰ ਪੇਸ਼ ਕਰਨ ਦਾ ਜਤਨ ਵੀ ਕੀਤਾ ਗਿਆ ਹੈ । ਸਮਾਜ ਵਿਚ ਵਿਆਹ ਤੋਂ ਪਹਿਲਾਂ ਦੇ ਜਿਸਮਾਨੀ ਰਿਸ਼ਤੇ ਨੂੰ ਪਾਪ ਦਾ ਦਰਜਾ ਦਿਤਾ ਜਾਂਦਾ ਹੈ ਤੇ ਇਸ ਦੇ ਫਲਸਰੂਪ ਇਸ ਤੋਂ ਨਿਜਾਤ ਪਾਉਣ ਲਈ ਰਾਹ ਦੱਸੇ ਜਾਂਦੇ ਹਨ । ਸਮਾਜਕ ਤਾਣੇ ਬਾਣੇ ਦੀ ਰਾਖੀ ਲਈ ਜਾਂ ਫਿਰ ਉਸਤੋਂ ਬਾਹਰ ਜਾਣ ਦੇ ਮਾੜੇ ਨਤੀਜਿਆਂ ਦੇ ਡਰੋਂ ਕਾਮ-ਸੰਬੰਧਾਂ ਨੂੰ ਪਰਦੇ ਅੰਦਰ ਰਖਣ ਦੀ ਪ੍ਰਥਾ ਹੈ । ਇਨ੍ਹਾਂ ਕਾਮਨਾਵਾਂ ਨੂੰ ਦਬਾਉਣ ਦੀ ਹੀ ਸਿਖਿਆ ਦਿੱਤੀ ਜਾਂਦੀ ਹੈ । ਇਸ ਪਰੰਪਰਾਗਤ ਸੋਚ ਅੰਦਰ ਰਹਿੰਦਿਆਂ ਹੀ ਸਾਧ ਇਨ੍ਹਾਂ ਦੋਹਾਂ ਦੀ ਮਦਦ ਕਰਨ ਦਾ ਹੁੰਗਾਰਾ ਭਰਦਾ ਹੈ । ਰੀਟਾ ਅੰਦਰ ਆਪਣੇ ਬੱਚੇ ਦੀ ਸੁਰਖਿਆ ਨੂੰ ਲੈਕੇ ਡਰ ਬੈਠਾ ਹੋਇਆ ਹੈ ।

ਸਾਧ ਵੀ ਰੀਟਾ ਨੂੰ ਇਹੋ ਦਸਦਾ ਹੈ ਕਿ ਇਕ ਤਾਂ ਉਸਨੇ 'ਆਪਣਾ ਗ੍ਰਹਿ ਮੰਡਲ ਨਹੀਂ ਛਡਿਆ' ਅਤੇ ਦੂਜਾ ਉਸਨੇ ਇਕ ਇਸਤਰੀ ਦੀ ਜੋ ਵਸਤੂ ਖੋਹ ਲਈ ਹੈ ਉਹ ਉਸਤੋਂ ਉਹੀ ਵਸਤੂ ਖੋਹਣ ਲਈ ਵਿਆਕੁਲ ਹੈ । ਅਰਥਾਤ ਰੀਟਾ ਆਪਣੇ ਸਭਿਆਚਾਰ ਅਤੇ ਸਮਾਜ ਦੀ ਮਾਨਤਾਵਾਂ ਅਨੁਸਾਰ ਤਾਂ ਠੀਕ ਸੋਚ ਰਹੀ ਹੈ ਪਰ ਇਥੋਂ ਦੀਆਂ ਮਾਨਤਾਵਾਂ ਅਨੁਸਾਰ ਇਹ ਕਾਰਜ ਕੋਈ ਪ੍ਰਾਪਤੀ ਨਹੀਂ ਸਗੋਂ ਕੁਝ ਖੋਹਣ ਬਰਾਬਰ ਹੈ । ਅਤੇ ਇਸ ਵਿਚੋਂ ਜੋ ਬਦਲੇ ਦੀ ਭਾਵਨਾ ਉਪਜਦੀ ਹੈ ਉਹ ਵਿਨਾਸ਼ਕਾਰੀ ਹੁੰਦੀ ਹੈ ਜਿਵੇਂ ਕਿ ਸਾਧ ਕਹਿੰਦਾ ਹੈ-

'ਸਾਧ: ਜਦ ਦੀਵੇ ਦੀ ਲਾਟ ਅੰਧਕਾਰ ਨੂੰ ਚਟਦੀ ਹੈ ਤਾਂ ਉਸ ਨੂੰ ਜਲਾ ਨਹੀਂ ਸਕਦੀ, ਪਰੰਤੂ ਜਦ ਇਸਤਰੀ ਵਿਚੋਂ ਈਰਖਾ ਦੀ ਜਵਾਲਾ ਨਿਕਲਦੀ ਹੈ ਤਾਂ ਉਹ ਭਸਮ ਕਰ ਦਿੰਦੀ ਹੈ ।'

ਵੀਨਾ ਸਾਧ ਕੋਲ ਰੀਟਾ ਦਾ ਬੱਚਾ ਨਸ਼ਟ ਹੋਣ ਅਤੇ ਆਪਣਾ ਪਤੀ ਵਾਪਸ ਮਿਲਣ ਦੀ ਮਨੌਤ ਲੈਕੇ ਜਾਂਦੀ ਹੈ । ਸਾਧ ਉਸਨੂੰ ਕੋਈ ਇਕ ਇੱਛਾ ਮੰਗਣ ਲਈ ਕਹਿੰਦਾ ਹੈ ਤੇ ਵੀਨਾ ਬੱਚੇ ਦਾ ਨਾਸ਼ ਮੰਗਦੀ ਹੈ । ਇੰਝ ਸਾਧ ਨਾਲ ਦੋਹਾਂ ਦਾ ਸੰਵਾਦ ਜਿਥੇ ਉਨ੍ਹਾਂ ਦੇ ਮਨ ਅੰਦਰ ਦਬੀਆਂ ਹੋਈਆਂ ਅਸਮਾਜਕ/ਅਵਚੇਤਨ ਇੱਛਾਵਾਂ ਨੂੰ ਪ੍ਰਗਟ ਕਰਨ ਦਾ ਵਸੀਲਾ ਬਣਦਾ ਹੈ ਉਥੇ ਨਾਲ ਹੀ ਸਮਾਜ ਦੇ ਸਿਰਜੇ ਹੋਏ ਅਵਚੇਤਨ ਅਨੁਸਾਰ ਇਨ੍ਹਾਂ ਇੱਛਾਵਾਂ ਦੀ ਪੂਰਤੀ ਦੇ ਰਾਹ ਵਿਚ ਪਈਆਂ ਔਕੜਾਂ ਦੇ ਵੀ ਰੂਬਰੂ ਹੁੰਦਾ ਹੈ । ਇਸ ਸੀਨ ਵਿਚ ਨਾਟਕਕਾਰ ਸੰਕੇਤਾਂ ਰਾਹੀਂ ਅਗੋਂ ਵਾਪਰਨ ਵਾਲੀਆਂ ਘਟਨਾਵਾਂ ਦਾ ਆਭਾਸ ਕਰਵਾ ਦਿੰਦਾ ਹੈ ਜਿਵੇਂ ਵੀਨਾ ਵਲੋਂ ਇਕ ਐਸੀ ਔਰਤ ਦੀ ਛਾਇਆ ਉਲੰਘਣੀ ਜਿਸਦਾ ਬੱਚਾ ਮਰ ਗਿਆ ਹੋਵੇ ਆਦਿ । ਇਸਤੋਂ ਸਪਸ਼ਟ ਹੋ ਜਾਂਦਾ ਹੈ ਕਿ ਰੀਟਾ ਦਾ ਬੱਚਾ ਕੁੱਖ ਅੰਦਰ ਹੀ ਮਰ ਚੁੱਕਾ ਹੈ । ਵੀਨਾ ਨੂੰ ਵੀ ਸਿਰਫ ਇਕ ਇੱਛਾ ਮੰਗਣ ਦੀ ਸਲਾਹ ਨਾਲ ਸੰਕੇਤ ਮਿਲਦਾ ਹੈ ਕਿ ਬੱਚਾ ਨਾਸ਼ ਕਰਨ ਦੀ ਇੱਛਾ ਤਾਂ ਪੂਰੀ ਹੋਵੇਗੀ ਪਰ ਅਜੀਤ ਨੂੰ ਹਮੇਸ਼ਾਂ ਲਈ ਪ੍ਰਾਪਤ ਕਰਨ ਦੀ ਇੱਛਾ ਉੱਪਰ ਪ੍ਰਸ਼ਨ ਚਿਨ੍ਹ ਲਗ ਜਾਂਦਾ ਹੈ ।

ਅਗੋਂ ਰੀਟਾ ਅਤੇ ਗਾਰਗੀ ਵਿਚਕਾਰ ਵਾਰਤਾਲਾਪ ਰਾਹੀਂ ਇਸ ਸਮੱਸਿਆ ਦੇ ਕੁਝ ਹੋਰ ਵਿਸਥਾਰ ਵਿਚ ਜਾਣ ਦੀ ਕੋਸ਼ਿਸ਼ ਕੀਤੀ ਗਈ ਹੈ । ਗਾਰਗੀ ਕਹਿੰਦਾ ਹੈ ਕਿ-

"ਮਰਦ ਦੀ ਤਾਂ ਜਾਤ ਹੀ ਬਕਵਾਸ ਹੈ । ਉਹ ਸਹਿਜੇ ਹੀ ਕਿਸੇ ਘਟੀਆ ਗਸ਼ਤੀ ਨਾਲ ਰਾਤ ਗੁਜ਼ਾਰ ਸਕਦਾ ਹੈ । ਮਨ ਵਿਚ ਪ੍ਰਮਿਕਾ ਵਸੀ ਹੋਈ ਹੈ, ਪਰ ਉਸਦੇ ਹੋਂਠ ਤੇ ਹੱਥ ਗਸ਼ਤੀ ਨੂੰ ਪਿਆਰ ਕਰ ਰਹੇ ਹਨ । ਉਹ ਨਾ ਤੈਨੂੰ ਪਿਆਰ ਕਰਦਾ ਹੈ ਨਾ ਵੀਨਾ ਨੂੰ । ਤੁਹਾਡੇ ਪਿਆਰ ਦੀ ਗਰਮੀ ਉਸਨੂੰ ਪਿਘਲਾ ਦਿੰਦੀ ਹੈ । ਸੱਚ ਤਾਂ ਇਹ ਹੈ –"

ਇਸ ਸੀਨ ਵਿਚ ਚਿੜੀਆਂ ਦਾ ਆਲ੍ਹਣਾ ਟੁੱਟਣਾ ਅਤੇ ਡਾਕਟਰ ਦੀ ਦਵਾਈ ਜ਼ਹਿਰ ਵਰਗੀ ਕੌੜੀ ਹੋਣ ਵਰਗੇ ਹਵਾਲਿਆਂ ਰਾਹੀਂ ਨਾਟਕਕਾਰ ਇਹ ਸੰਕੇਤ ਕਰ ਰਿਹਾ ਹੈ ਕਿ ਰੀਟਾ ਦਾ ਬੱਚਾ ਮਰ ਚੁੱਕਾ ਹੈ ਤੇ ਸ਼ਾਇਦ ਅਜੀਤ ਦਾ ਦੋਸਤ ਡਾਕਟਰ ਵੀ ਇਸ ਲਈ ਜ਼ਿੰਮੇਵਾਰ ਹੈ ।

ਇਕ ਸੀਨ ਵਿਚ ਅਜੀਤ ਦੇ ਨਾਟਕ ਦਾ ਰਿਹਰਸਲ ਵਾਲਾ ਦ੍ਰਿਸ਼ ਪੇਸ਼ ਕੀਤਾ ਗਿਆ ਹੈ । ਇਸ ਵਿਚ ਗਾਰਗੀ ਨਾਟਕਕਲਾ ਬਾਰੇ ਆਪਣੇ ਵਿਅਕਤੀਗਤ ਅਨੁਭਵ ਦੀ ਪੇਸ਼ਕਾਰੀ ਰਾਹੀਂ ਆਪਣੀ ਨਾਟ ਕਲਾ ਦੀ ਵੀ ਪਛਾਣ ਕਰਵਾ ਰਿਹਾ ਜਾਪਦਾ ਹੈ । ਅਜੀਤ ਅਤੇ ਵੀਨਾ ਮਿਲਕੇ ਨਾਟਕ ਦੀਆਂ ਬਾਰੀਕੀਆਂ ਉੱਪਰ ਗਲ ਕਰ ਰਹੇ ਹਨ । ਵੀਨਾ ਦਾ ਬਾਵਰਚੀ ਅਜੀਤ ਲਈ ਰੀਟਾ ਦਾ ਇਕ ਪੱਤਰ ਲੈਕੇ ਆਉਂਦਾ ਹੈ ਜਿਸ ਵਿਚ ਉਸਨੇ ਆਪਣੀ ਸਿਹਤ ਖਰਾਬ ਹੋਣ ਦਾ ਜ਼ਿਕਰ ਕਰਦਿਆਂ ਆਪਣੇ ਕੋਲ ਬੁਲਾਇਆ ਹੈ ਪਰ ਅਜੀਤ ਇਸਨੂੰ ਬਹੁਤੀ ਸੰਜੀਦਗੀ ਨਾਲ ਨਾ ਲੈਕੇ ਨਾਟਕ ਵਿਚ ਰੁਝਿਆ ਹੋਣ ਦਾ ਬਹਾਨਾ ਬਣਾਉਂਦਾ ਹੈ । ਇਸਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਅਜੀਤ ਨੂੰ ਰੀਟਾ ਦੀ ਹਾਲਤ ਬਾਰੇ ਪਹਿਲਾਂ ਹੀ ਪਤਾ ਸੀ ਜਾਂ ਫਿਰ ਉਹ ਇਸ ਲਈ ਜ਼ਿੰਮੇਵਾਰ ਵੀ ਸੀ । ਜਦ ਅਜੀਤ ਰੀਟਾ ਕੋਲ ਜਾਣ ਦਾ ਇਰਾਦਾ ਕਰਦਾ ਹੈ ਤਾਂ ਵੀਨਾ ਉਸਨੂੰ ਰੋਕਣ ਦਾ ਜਤਨ ਕਰਦੀ । ਅਜੀਤ ਉਸਨੂੰ ਰੀਟਾ ਦਾ ਖਤ ਪੜ੍ਹਕੇ ਸੁਣਾਉਂਦਾ ਹੈ ਤਾਂ ਬੱਚਾ ਨਾਸ਼ ਹੋਣ ਦੀ ਖਬਰ ਨਾਲ ਉਸਦੀ ਈਰਖਾ ਸ਼ਾਂਤ ਹੋ ਜਾਂਦੀ ਹੈ ਤੇ ਉਹ ਅਜੀਤ ਨੂੰ ਰੀਟਾ ਕੋਲ ਜਾਣ ਲਈ ਕਹਿੰਦੀ ਹੈ। ਇਸ ਵਾਰ ਅਜੀਤ ਇਨਕਾਰ ਕਰ ਦਿੰਦਾ ਹੈ । ਉਹ ਨਾਟਕ ਦਾ ਇਕ ਸੀਨ ਖਤਮ ਕਰਨ ਦਾ ਫੈਸਲਾ ਕਰਦਾ ਹੈ ਜੋ ਕਿ ਮਖੌਟਿਆਂ ਵਾਲਾ ਸੀਨ ਹੈ-

'ਅਜੀਤ: ਹਾਂ ਅੱਜ ਇਹ ਖ਼ਤਮ ਕਰਨਾ ਹੈ ।

ਦੂਜਾ ਐਕਟਰ: ਮੈਨੂੰ ਮੁਕਟ-ਮਖੌਟੇ ਪਸੰਦ ਨੇ । ਅੱਖ ਝਪਕਦਿਆਂ ਹੀ ਆਦਮੀ ਦਾ ਚਰਿਤ੍ਰ ਬਦਲ ਜਾਂਦਾ ਹੈ ।...... ਹੁਣੇ ਦੇਵਤਾ, ਹੁਣੇ ਰਾਖਸ਼ਸ!'

ਇਸ ਸੀਨ ਵਿਚ ਭਾਰਤੀ ਵਿਆਹ ਦੇ ਰਿਵਾਜ਼ ਨੂੰ ਕਿਸੇ ਰਾਜੇ ਦੀ ਜੰਗ ਦੇ ਦ੍ਰਿਸ਼ ਵਾਂਗ ਦਰਸਾਇਆ ਗਿਆ ਹੈ । ਜਿਸ ਵਿਚ ਜਰਨੈਲੀ ਬੈਂਡ, ਘੋੜਾ, ਛਤਰ, ਸੇਹਰਾ, ਆਤਿਸ਼ਬਾਜ਼ੀ ਆਦਿ ਚੀਜ਼ਾਂ ਦੀ ਵਰਤੋਂ ਕਿਸੇ ਜੰਗ ਵਿਚ ਜਿਤ ਹਾਸਲ ਕਰਨ ਬਰਾਬਰ ਹੈ । ਅਜੀਤ ਵੀ ਰੀਟਾ ਨਾਲ ਪਿਆਰ ਦਾ ਰਿਸ਼ਤਾ ਤੋੜਕੇ ਇਕ ਮਖੌਟਾ ਉਤਾਰਨਾ ਚਾਹੁੰਦਾ ਹੈ ਤੇ ਵੀਨਾ ਨਾਲ ਵਿਆਹ ਕਰਕੇ ਦੂਜਾ ਸਮਾਜਕ ਮਖੌਟਾ ਪਹਿਨਣ ਲਈ ਤਿਆਰ ਹੋ ਰਿਹਾ ਹੈ । ਅਜੀਤ ਆਪਣੇ ਆਪ ਨੂੰ ਪਿੱਪਲ ਦਾ ਰੁੱਖ ਦਸਦਾ ਹੈ ਤੇ ਰੀਟਾ ਨੂੰ ਗਾਲ੍ਹੜ ਆਖਦਾ ਹੈ ਜੋ ਪਿੱਪਲ ਵਿਚ ਹਵਾ ਨਾਲ ਪੈਦਾ ਹੋਣ ਵਾਲੀ ਅਵਾਜ਼ ਨੂੰ ਆਪਣਾ ਗੀਤ ਮੰਨਕੇ ਝੂੰਮਦੀ ਹੈ ਤੇ ਹਵਾ ਬੰਦ ਹੋਣ ਤੇ ਉਸੇ ਰੁੱਖ ਨਾਲ ਸਿਰ ਮਾਰ ਮਾਰਕੇ ਲਹੂ ਲੁਹਾਣ ਹੋ ਜਾਂਦੀ ਹੈ । ਅਰਥਾਤ ਅਜੀਤ ਕਾਮ ਦੇ ਵੇਗ ਵਿਚ ਹੀ ਰੀਟਾ ਨਾਲ ਸੰਬੰਧ ਰਖ ਸਕਦਾ ਹੈ ਉਸਤੋਂ ਉਪਰੰਤ ਉਸ ਅੰਦਰ ਪਿਆਰ ਵਾਲਾ ਜਜ਼ਬਾ ਨਹੀਂ ਰਹਿੰਦਾ । ਅਗਲਾ ਸੀਨ ਰੀਟਾ ਦੇ ਵਿਹੜੇ ਦਾ ਹੈ । ਗਾਰਗੀ ਅਤੇ ਅਜੀਤ ਗਲ ਕਰ ਰਹੇ ਹਨ ਤੇ ਰੀਟਾ ਹਸਪਤਾਲ ਵਿਚ ਹੈ । ਉਸਦਾ ਬੱਚਾ ਮਰ ਚੁੱਕਾ ਹੈ ਤੇ ਅਜੀਤ ਇਸਨੂੰ ਤਿੰਨਾਂ ਲਈ ਚੰਗਾ ਸਮਝਦਾ ਹੈ । ਅਜੀਤ ਨੂੰ ਦੋਹਾਂ ਦੀ ਵਫਾਦਾਰੀ ਦਾ ਨਤੀਜਾ ਭੁਗਤਣ ਦਾ ਅਹਿਸਾਸ ਹੁੰਦਾ ਹੈ ਕਿਉਂਕਿ ਉਹ ਕਿਸੇ ਇਕ ਨਾਲ ਵੀ ਵਫਾਦਾਰ ਨਹੀਂ ਸੀ ।

ਨਾਟਕ ਦੇ ਆਖਰੀ ਸੀਨ ਵਿਚ ਰੀਟਾ ਅਜੀਤ ਦੀ ਉਡੀਕ ਕਰ ਰਹੀ ਹੈ। ਉਹ ਲੰਡਨ ਪਰਤਣ ਤੋਂ ਪਹਿਲਾਂ ਅਜੀਤ ਨੂੰ ਇਕ ਵਾਰ ਮਿਲਣਾ ਚਾਹੁੰਦੀ ਹੈ । ਰੀਟਾ ਦੇ ਮਨ ਵਿਚ ਅਜੀਤ ਨਾਲ ਫਿਰ ਤੋਂ ਜਿਸਮਾਨੀ ਸੰਬੰਧ ਕਾਇਮ ਕਰਕੇ ਗਰਭ ਧਾਰਣ ਕਰਨ ਦਾ ਸੁਪਨਾ ਹੈ । ਜਿਸ ਲਈ ਉਹ ਪਹਿਲੇ ਮੌਕੇ ਵਾਲੀ ਮੋਮਬੱਤੀ ਰਾਹੀਂ ਪੁਰਾਣੀ ਘੜੀਆਂ ਨੂੰ ਯਾਦ ਕਰਨਾ ਚਾਹੁੰਦੀ ਹੈ । ਇਸ ਮੋਮਬੱਤੀ ਨਾਲ ਉਸਨੂੰ ਤਾਕਤ ਮਹਿਸੂਸ ਹੁੰਦੀ ਹੈ । ਇਸ ਦੀ ਰੋਸ਼ਨੀ ਅਰਥਾਤ ਰੀਟਾ ਅੰਦਰਲੀ ਕਾਮ ਦੀ ਧੂਣੀ ਊਰਜਾ ਦਾ ਰੂਪ ਹਾਸਲ ਕਰਕੇ ਇਕ ਸਿਰਜਣਾ ਕਰਨ ਦੀ ਇੱਛਾ ਰਖਦੀ ਹੈ । ਆਪਣੀ ਇੱਛਾ ਦੀ ਪੂਰਤੀ ਲਈ ਉਹ ਇਸ ਧੂਣੀ ਵਿਚ ਆਹੂਤੀ ਦੇਣ ਲਈ ਵੀ ਤਿਆਰ ਹੋ ਜਾਂਦੀ ਹੈ ।

ਰੀਟਾ ਅਜੀਤ ਨੂੰ ਸਮਾਜ ਤੋਂ ਸੁਤੰਤਰ ਰਿਸ਼ਤੇ ਵਿਚ ਫਿਰ ਤੋਂ ਲੈ ਜਾਣ ਲਈ ਤਿਆਰ ਕਰਦੀ ਹੈ । ਅਜੀਤ ਨੂੰ ਆਪਣੇ ਬੂਟ ਉਤਾਰ ਕੇ ਸਮਾਜ ਦੇ ਬੰਧਨਾਂ ਤੋਂ ਥੋੜ੍ਹੀ ਦੇਰ ਦੀ ਮੁਕਤੀ ਦਾ ਅਹਿਸਾਸ ਹੁੰਦਾ ਹੈ ਅਤੇ ਹਰੇ ਰੰਗ ਦੇ ਨਰਮ 'ਸਲੀਪਰ' ਵਿਚ ਪੈਰ ਪਾਕੇ ਜਾਪਦਾ ਹੈ ਜਿਵੇਂ ਕਬਰ ਵਿਚ ਚਲੇ ਗਏ ਹੋਣ । ਇਹ ਸੰਕੇਤ ਅੱਗੇ ਹੋਣ ਵਾਲੀ ਘਟਨਾ ਵਲ ਇਸ਼ਾਰਾ ਕਰ ਹਰੇ ਹਨ । ਅੰਤ ਵਿਚ ਰੀਟਾ ਅਜੀਤ ਦਾ ਗਲਾ ਦਬਾ ਕੇ ਉਸਨੂੰ ਮਾਰ ਦਿੰਦੀ ਹੈ । ਜਦ ਵੀਨਾ ਉਥੁ ਪਹੁੰਚਦੀ ਹੈ ਤਾਂ ਉਸਨੂੰ ਆਪਣੇ ਪੇਟ ਉੱਤੇ ਹੱਥ ਰੱਖ ਕੇ ਕਹਿੰਦੀ ਕਿ-

"ਨਹੀਂ, ਮੈਂ ਉਸਨੂੰ ਨਹੀਂ ਮਾਰਿਆ । ਮੈਂ ਉਸਨੂੰ ਸਾਂਭ ਲਿਆ ਹੈ – (ਦੋਨੋਂ ਹੱਥ ਪੇਟ ਉਤੇ ਰੱਖ ਕੇ) ਇਥੇ !"

ਨਾਟਕ ਦੇ ਕਥਾਨਕ ਅਤੇ ਪ੍ਰਮੁਖ ਘਟਨਾਵਾਂ ਦੇ ਅਧਿਐਨ ਤੋਂ ਬਾਅਦ ਅਸੀਂ ਇਸ ਅੰਦਰ ਚਲ ਰਹੇ ਮਾਨਸਿਕ ਤਨਾਓ ਨੂੰ ਸਹਿਜੇ ਹੀ ਮਹਿਸੂਸ ਕਰ ਸਕਦੇ ਹਾਂ। ਚੇਤਨ ਅਤੇ ਅਵਚੇਤਨ ਵਿਚਕਾਰ ਨਿਰੰਤਰ ਚਲਣ ਵਾਲੀ ਇਸ ਜੱਦੋ-ਜਹਦ ਵਿਚ ਤਿੰਨੇ ਪਾਤਰ ਆਪਸ ਵਿਚ ਬੁਰੀ ਤਰ੍ਹਾਂ ਜੂਝ ਰਹੇ ਨਜ਼ਰ ਆਉਂਦੇ ਹਨ। ਇਸ ਸਥਿਤੀ ਵਿਚ ਹਾਰ ਜਿਤ ਦਾ ਕੋਈ ਅਰਥ ਨਹੀਂ ਰਹਿੰਦਾ। ਇਨਸਾਨ ਜੋ ਕਿ ਸਮਾਜਕ ਅਵਚੇਤਨ ਦੀ ਸਿਰਜਣਾ ਹੈ ਉਹ ਇਸਤੋਂ ਮੁਕਤ ਨਹੀਂ ਹੋ ਸਕਦਾ। ਪਰ ਨਾਲ ਹੀ ਉਸ ਅੰਦਰ ਦਬੀਆਂ ਹੋਈਆਂ ਉਸਦੀਆਂ ਕੁਦਰਤੀ ਕਾਮਨਾਵਾਂ ਵੀ ਉਸਦਾ ਪਿੱਛਾ ਨਹੀਂ ਛੱਡਦੀਆਂ ਜੋ ਉਸਦੇ ਅੰਦਰ ਅਸਮਾਜਕ ਕਾਰਜ ਕਰਨ ਦੀ ਬੇਚੈਨੀ ਪੈਦਾ ਕਰੀ ਰਖਦੀਆਂ ਹਨ।

ਇਕ ਬੱਚੇ ਰਾਹੀਂ ਆਦਮੀ ਨੂੰ ਪੂਰੀ ਤਰ੍ਹਾਂ ਹਾਸਲ ਕਰ ਲੈਣ ਦੀ ਇਸ ਖਿੱਚੋਤਾਣ ਵਿਚ ਗਾਰਗੀ ਕੁਦਰਤੀ ਕਾਰਜ ਨੂੰ ਪਰਵਾਨ ਚੜ੍ਹਾਉਂਦਾ ਹੈ ਅਰਥਾਤ ਰੀਟਾ ਨੂੰ ਪੂਰਨਤਾ ਲਈ ਅਜੀਤ ਨਾਲੋਂ ਵੱਧ ਉਸਦੇ ਬੱਚੇ ਦੀ ਲੋੜ ਜਾਪਦੀ ਹੈ ਤੇ ਅਜੀਤ ਨੂੰ ਕਤਲ ਕਰਕੇ ਉਹ ਇਸ ਵਿਚ ਕਾਮਯਾਬ ਵੀ ਹੋ ਜਾਂਦੀ ਹੈ। ਸਮਾਜਕ ਕਦਰਾਂ-ਕੀਮਤਾਂ ਵਾਂਗ ਉਹ ਵੀਨਾ ਨੂੰ ਮੁਰਦਾ ਅਜੀਤ ਸੌਂਪ ਦਿੰਦੀ ਹੈ ਜਿਸ ਵਿਚਲੀ ਰੂਹ ਨੂੰ ਉਹ ਆਪਣੀ ਕੁੱਖ ਵਿਚ ਸਾਂਭ ਚੁੱਕੀ ਸੀ। ਇਸ ਤਰ੍ਹਾਂ ਅਸੀਂ ਦੇਖਿਆ ਕਿ ਬਲਵੰਤ ਗਾਰਗੀ ਨੇ ਇਸ ਨਾਟਕ ਰਾਹੀਂ ਮਨੁੱਖ ਅੰਦਰ ਪਈਆਂ ਮਾਨਸਿਕ ਗੁੰਝਲਾਂ ਦੇ ਤਨਾਓ ਨੂੰ ਇਕ ਨਾਟਕ ਰੂਪ ਵਿਚ ਬਹੁਤ ਸਫਲਤਾ ਨਾਲ ਪੇਸ਼ ਕੀਤਾ ਹੈ।

**'ਧੂਣੀ ਦੀ ਅੱਗ' ਇਕ ਆਧੁਨਿਕ ਤ੍ਰਾਸਦੀ**

'ਧੂਣੀ ਦੀ ਅੱਗ' ਨਾਟਕ ਮਨੋਵਿਗਿਆਨਕ ਗੁੰਝਲਾਂ ਦੇ ਟਕਰਾਓ ਰਾਹੀਂ ਜਿਸ ਕਿਸਮ ਦੀ ਸਥਿਤੀ ਨੂੰ ਪ੍ਰਸਤੁਤ ਕਰਦਾ ਹੈ ਉਸ ਵਿਚ ਆਧੁਨਿਕ ਤ੍ਰਾਸਦੀ ਦੇ ਲੱਛਣ ਮੌਜੂਦ ਹਨ। ਤ੍ਰਾਸਦੀ ਨਾਟਕ ਦਾ ਉਹ ਰੂਪਾਕਾਰ ਹੈ ਜਿਸਦਾ ਵਿਕਾਸ ਪੱਛਮ ਦੀ ਨਾਟਕ ਪਰੰਪਰਾ ਦੇ ਅੰਤਰਗਤ ਹੋਇਆ ਹੈ। ਪ੍ਰਾਚੀਨ ਯੂਨਾਨ ਵਿਚ ਇਸਦਾ ਮੁੱਢ ਬਝਿਆ। ਐਸਕਾਈਲਸ, ਸੋਫੋਕਲੀਜ਼ ਤੇ ਯੁਰੀਪੀਡੀਸ ਪ੍ਰਾਚੀਨ ਯੁਨਾਨ ਦੇ ਤਿੰਨ ਪ੍ਰਮੁੱਖ ਤ੍ਰਾਸਦੀਕਾਰ ਮੰਨੇ ਗਏ ਹਨ। ਇਨ੍ਹਾਂ ਨਾਟਕਕਾਰਾਂ ਦੀਆਂ ਤ੍ਰਾਸਦੀਆਂ ਨੂੰ ਮੁੱਖ ਰਖਕੇ ਯੁਨਾਨ ਦੇ ਪ੍ਰਸਿੱਧ ਦਾਰਸ਼ਨਿਕ ਅਤੇ ਸਾਹਿਤ ਚਿੰਤਕ ਅਰਸਤੂ ਨੇ ਆਪਣੀ ਪੁਸਤਕ 'ਕਾਵਿ-ਸ਼ਾਸਤਰ' ਵਿਚ ਤ੍ਰਾਸਦੀ ਦੀ ਮੁੱਢਲੀ ਪਰਿਭਾਸ਼ਾ ਕਰਦਿਆਂ ਹੋਇਆਂ ਲਿਖਿਆ ਹੈ:

"ਤ੍ਰਾਸਦੀ ਕਿਸੇ ਗੰਭੀਰ ਅਤੇ ਮੁਕੰਮਲ ਮਨੁੱਖੀ ਕਾਰਜ ਦਾ ਅਨੁਕਰਣ ਹੈ। ਜਿਸਦੇ ਦੁਆਰਾ ਡਰ ਅਤੇ ਤਰਸ ਦੇ ਭਾਵਾਂ ਦਾ ਵਿਰੇਚਨ ਹੁੰਦਾ ਹੈ।"

ਇਸ ਤੋਂ ਇਲਾਵਾ ਅਰਸਤੂ ਨੇ ਤ੍ਰਾਸਦੀ ਦੇ ਹੋਰ ਵੀ ਕਈ ਗੁਣਾਂ ਵਲ ਸੰਕੇਤ ਕੀਤਾ ਹੈ, ਜਿਵੇਂ ਕਿ ਇਸਦਾ ਨਾਇਕ ਸਧਾਰਣ ਮਨੁੱਖ ਨਹੀਂ ਸਗੋਂ ਰਾਜਾ, ਰਾਜਕੁਮਾਰ, ਜਰਨੈਲ ਜਾਂ ਕੋਈ ਹੋਰ ਕੁਲੀਨ ਵਰਗ ਦਾ ਵਿਅਕਤੀ ਹੋ ਸਕਦਾ ਹੈ ਅਤੇ ਤ੍ਰਾਸਦੀ ਦੇ ਨਾਇਕ ਦੀ ਰੂਪ ਰਚਨਾ ਵਿਚ ਕੁਝ ਅਜਿਹੀਆਂ ਕਮੀਆਂ ਜਾਂ ਕਮਜ਼ੋਰੀਆਂ ਵੀ ਰਖ ਦਿਤੀਆਂ ਜਾਂਦੀਆਂ ਹਨ ਜਿਨ੍ਹਾਂ ਕਰਕੇ ਉਹ ਘੋਰ ਬਿਪਤਾ ਦਾ ਸ਼ਿਕਾਰ ਹੁੰਦਾ ਹੈ ।

ਤ੍ਰਾਸਦੀ ਬਾਰੇ ਪੱਛਮ ਦੇ ਅਨੇਕਾਂ ਚਿੰਤਕਾਂ ਨੇ ਆਾਪਣੇ ਵਿਚਾਰ ਪੇਸ਼ ਕੀਤੇ ਹਨ, ਪਰ ਤਾਂ ਵੀ ਤ੍ਰਾਸਦੀ ਦੀ ਕੋਈ ਸੌਖੀ ਜਾਂ ਸਰਲ ਜਿਹੀ ਪਰਿਭਾਸ਼ਾ ਸਾਹਮਣੇ ਨਹੀਂ ਆਉਂਦੀ । ਇਸਦਾ ਮੁੱਖ ਕਾਰਣ ਇਹ ਹੈ ਕਿ ਤ੍ਰਾਸਦੀ ਇਕ ਗੁੰਝਲਦਾਰ ਸੰਕਲਪ ਹੈ ਭਾਵੇਂ ਇਹ ਮੂਲ ਰੂਪ ਵਿਚ ਦੁੱਖ ਝਾਂ ਮੌਤ ਦੀ ਸਥਿਤੀ ਨੂੰ ਪੇਸ਼ ਕਰਦੀ ਹੈ ਪਰ ਹਰ ਤਰ੍ਹਾਂ ਦਾ ਦੁੱਖ ਤੇ ਹਰ ਤਰ੍ਹਾਂ ਦੀ ਮੌਤ ਤ੍ਰਾਸਦੀ ਨਹੀਂ ਅਖਵਾ ਸਕਦੀ । ਇਸਦੇ ਨਾਲ ਕੁਝ ਸ਼ਰਤਾਂ ਜੁੜੀਆਂ ਹੋਈਆਂ ਹਨ, ਮਿਸਾਲ ਵਜੋਂ ਜੇ ਕੋਈ ਨਿਤਾਣਾ, ਕਮਜ਼ੋਰ ਜਾਂ ਮਾਸੂਮ ਵਿਅਕਤੀ ਬੇਗੁਨਾਹ ਹੁੰਦਾ ਹੋਇਆ ਕਸ਼ਟ ਭੋਗਦਾ ਹੈ ਜਾਂ ਮਰਦਾ ਹੈ ਤਾਂ ਅਜਿਹੀ ਸਥਿਤੀ ਤਰਸਯੋਗ ਤਾਂ ਹੋ ਸਕਦੀ ਹੈ ਤ੍ਰਾਸਦ ਨਹੀਂ । ਇਸੇ ਤਰ੍ਹਾਂ ਜੇ ਕੋਈ ਗੁਨਾਹਗਾਰ, ਜ਼ਾਲਮ ਅਤੇ ਅਤਿਆਚਾਰੀ ਵਿਅਕਤੀ ਦੁਖਦਾਈ ਮੌਤ ਮਰਦਾ ਹੈ ਤਾਂ ਵੀ ਉਸਦੀ ਮੌਤ ਨੂੰ ਤ੍ਰਾਸਦ ਨਹੀਂ ਕਿਹਾ ਜਾ ਸਕਦਾ । ਤ੍ਰਾਸਦੀ ਤਾਂ ਉਸੇ ਹਾਲਤ ਵਿਚ ਪੈਦਾ ਹੋ ਸਕਦੀ ਹੈ ਜਦੋਂ ਕੋਈ ਨਾਇਕ ਆਪਣੇ ਤੋਂ ਕਿਸੇ ਵਡੇਰੀ ਸ਼ਕਤੀ ਨੂੰ ਵੰਗਾਰਦਾ ਹੈ ਅਤੇ ਆਪਣੇ ਮਨੁੱਖੀ ਤੱਤ ਦੀ ਰਖਿਆ ਕਰਦਾ ਹੋਇਆ ਬਿਪਤਾ ਸਹੇੜਦਾ ਹੈ ਜਾਂ ਮੌਤ ਨੂੰ ਪ੍ਰਾਪਤ ਹੁੰਦਾ ਹੈ ਅਜਿਹਾ ਪਾਤਰ ਆਪਣੀ ਮੌਤ ਜਾਂ ਹਾਰ ਰਾਹੀਂ ਆਪਣੀ ਮਹਾਨਤਾ ਦਾ ਪ੍ਰਮਾਣ ਪੇਸ਼ ਕਰ ਜਾਂਦਾ ਹੈ ।

ਪ੍ਰਾਚੀਨ ਯੂਨਾਨੀ ਤ੍ਰਾਸਦੀਆਂ ਵਿਚ 'ਰਾਜਾ ਈਡੀਪਸ', 'ਐਂਤੀਗਨੀ', 'ਔਰੈਤਸ', 'ਇਲੈਕਤਰਾ' ਵਰਗੇ ਮਿਥਿਹਾਸਕ ਪਾਤਰਾਂ ਦੀਆਂ ਦੁਖਾਂਤਕ ਘਟਨਾਵਾਂ ਨੂੰ ਲੈ ਕੇ ਮਹਾਨ ਤ੍ਰਾਸਦੀਆਂ ਦੀ ਸਿਰਜਣਾ ਹੋਈ ਹੈ। ਯੋਰਪ ਦੀ ਤ੍ਰਾਸਦੀ ਪਰੰਪਰਾ ਵਿਚ ਸਦੀਆਂ ਦੀ ਲੰਮੀ ਵਿੱਥ ਤੋਂ ਬਾਅਦ ਸ਼ੈਕਸਪੀਅਰੀ ਤ੍ਰਾਸਦੀ ਦਾ ਯੁੱਗ ਆਉਂਦਾ ਹੈ। ਸ਼ੈਕਸਪੀਅਰ ਨੇ ਭਾਵੇਂ ਆਪਣੇ ਤ੍ਰਾਸਦ ਨਾਟਕਾਂ ਦੀ ਸਿਰਜਣਾ ਉੱਚ ਪੱਦਵੀ ਵਾਲੇ ਨਾਇਕਾਂ ਉਤੇ ਅਧਾਰਿਤ ਕਰਕੇ ਹੀ ਕੀਤੀ ਪਰ ਉਸਨੇ ਕਿਸੇ ਰਹੱਸਮਈ ਦੈਵੀ ਪ੍ਰਬੰਧ ਨਾਲ ਆਪਣੇ ਨਾਇਕ ਦਾ ਟਕਰਾਓ ਪੇਸ਼ ਨਹੀਂ ਕੀਤਾ ਸਗੋਂ ਮਨੁੱਖ ਨੂੰ ਆਪਣੇ ਅੰਦਰ ਦੀ ਬਦੀ ਨਾਲ ਹੀ ਟਕਰਾਉਂਦਿਆਂ ਅਤੇ ਤਬਾਹ ਹੁੰਦਿਆਂ ਦਰਸਾਇਆ ਹੈ ।ਮਿਸਾਲ ਵਜੋਂ ਉਸਦੇ ਨਾਟਕ 'ਮੈਕਬੱਥ' ਦਾ ਨਾਇਕ ਆਪਣੇ ਅੰਦਰ ਦੀ ਮਹੱਤਵ ਅਕਾਂਖਿਆ ਦਾ ਸ਼ਿਕਾਰ ਹੁੰਦਾ ਹੈ । ਉਹ ਇਕ ਵਫਾਦਾਰ ਜਰਨੈਲ ਹੁੰਦਾ ਹੈ ਪਰ ਜਦੋਂ ਉਹ ਇਕ ਮੋਰਚੇ ਤੇ ਜੰਗ ਜਿੱਤਕੇ ਆ ਰਿਹਾ ਹੁੰਦਾ ਹੈ ਤਾਂ ਉਸਦਾ ਸਾਹਮਣਾ ਤਿੰਨ ਚੁੜੇਲਾਂ ਨਾਲ ਹੁੰਦਾ

ਹੈ, ਇਹ ਚੁੜੇਲਾਂ ਜਰਨੈਲ 'ਮੈਕਬੱਥ' ਦੇ ਮਨ ਵਿਚ ਸਿਰਫ ਰਾਜ ਪ੍ਰਾਪਤੀ ਦੀ ਅਕਾਂਖਿਆ ਹੀ ਨਹੀਂ ਜਗਾਉਂਦੀ ਸਗੋਂ ਆਪਣੇ ਇਸ ਪ੍ਰਾਪਤ ਹੋਣ ਵਾਲੇ ਰਾਜ ਨੂੰ ਆਪਣੀ ਔਲਾਦ ਲਈ ਵੀ ਸੁਰੱਖਿਅਤ ਕਰਨ ਦੀ ਲਾਲਸਾ ਨਾਲ ਭਰ ਦਿੰਦੀਆਂ ਹਨ । ਨਾਟਕ ਦੇ ਵਿਸਥਾਰ ਵਿਚ ਨਾਇਕ ਨੂੰ ਮਨੁੱਖ ਦੇ ਅੰਦਰ ਦੀ ਬਦੀ ਦੇ ਪ੍ਰਤੀਕ ਪਾਤਰਾਂ ਹੱਥੋਂ ਤਬਾਹ ਹੁੰਦਿਆਂ ਦਰਸਾਇਆ ਗਿਆ ਹੈ ।

ਇਸੇ ਤਰ੍ਹਾਂ ਹੀ ਸ਼ੈਕਸਪੀਅਰ ਦੇ ਹੋਰ ਨਾਟਕ 'ਕਿੰਗ ਲੀਅਰ', 'ਉਥੈਲੋ', 'ਮਰਚੈਂਟ ਆਫ ਵੀਨਸ', 'ਜੂਲੀਅਸ ਸੀਜ਼ਰ' ਆਦਿ ਨੈਤਿਕ ਅਤੇ ਮਨੋਵਿਗਿਆਨਕ ਸ਼ਕਤੀਆਂ ਦੇ ਟਕਰਾਓ ਵਿਚੋਂ ਪੈਦਾ ਹੋਣ ਵਾਲੀ ਤ੍ਰਾਸਦੀ ਨੂੰ ਪੇਸ਼ ਕਰਦੇ ਹਨ । ਆਧੁਨਿਕ ਕਾਲ ਵਿਚ ਤ੍ਰਾਸਦੀ ਦਾ ਸੰਕਲਪ ਤਾਂ ਭਾਵੇਂ ਤਬਦੀਲ ਨਹੀਂ ਹੋਇਆ ਇਹ ਹਾਲੇ ਵੀ ਮਨੁੱਖ ਦੀ ਘੋਰ ਬਿਪਤਾ ਦੇ ਪ੍ਰਗਟਾਵੇ ਨਾਲ ਹੀ ਜੁੜਿਆ ਹੋਇਆ ਹੈ ਪਰ ਬਿਪਤਾ ਭੋਗਣ ਵਾਲਾ ਵਿਅਕਤੀ ਹੁਣ ਜ਼ਰੂਰੀ ਨਹੀਂ ਕਿ ਰਾਜਾ ਜਾਂ ਜਰਨੈਲ ਹੀ ਹੋਵੇ ਇਹ ਸਧਾਰਣ ਮਨੁੱਖ ਵੀ ਹੋ ਸਕਦਾ ਹੈ । ਇਸ ਤੋਂ ਇਲਾਵਾ ਆਧੁਨਿਕ ਕਾਲ ਦੀ ਤ੍ਰਾਸਦੀ ਸਮਾਜਿਕ ਵਿਵਸਥਾ ਨਾਲ ਮਨੁੱਖ ਦੇ ਟਕਰਾਓ ਨੂੰ ਵੀ ਪੇਸ਼ ਕਰਨ ਵਲ ਰੁਚਿਤ ਹੁੰਦੀ ਹੈ । ਇਉਂ ਆਧੁਨਿਕ ਤ੍ਰਾਸਦੀ ਵਿਚ ਕਿਸੇ ਆਮ ਮਨੁੱਖ ਨੂੰ ਸਮਾਜਿਕ ਜੀਵਨ ਦੇ ਯਥਾਰਥ ਵਿਚ ਵਿਵਸਥਾ ਨਾਲ ਟਕਰਾਉਂਦੇ ਜਾਂ ਆਪਣੀ ਸ਼ਖਸੀਅਤ ਦੇ ਅੰਤਰ ਵਿਰੋਧਾਂ ਨਾਲ ਜੂਝਦਿਆਂ ਦਰਸਾਇਆ ਜਾਂਦਾ ਹੈ ।

'ਧੂਣੀ ਦੀ ਅੱਗ' ਨਾਟਕ ਨੂੰ ਜਦ ਅਸੀਂ ਇਕ ਆਧੁਨਿਕ ਤ੍ਰਾਸਦੀ ਦੇ ਤੌਰ ਤੇ ਵਿਚਾਰਦੇ ਹਾਂ ਤਾਂ ਇਸ ਵਿਚ ਇਕ ਸਫਲ ਤ੍ਰਾਸਦੀ ਦੇ ਲੱਛਣ ਨਜ਼ਰ ਆਉਂਦੇ ਹਨ । ਬਲਵੰਤ ਗਾਰਗੀ ਨੇ ਮਨੋ-ਵਿਗਿਆਨਕ ਗੁੰਝਲਾਂ ਨਾਲ ਭਰਪੂਰ ਇਸ ਨਾਟਕ ਦੇ ਕਾਰਜ ਨੂੰ ਦੋ ਵੱਖਰੇ ਸਮਾਜਾਂ ਦੇ ਅੰਤਰ ਵਿਰੋਧਾਂ ਦੇ ਟਕਰਾਓ ਦੇ ਰੂਪ ਵਿਚ ਤਾਂ ਪੇਸ਼ ਕੀਤਾ ਹੈ ਨਾਲੇ ਇਸਨੂੰ ਇਕ ਤਰ੍ਹਾਂ ਦੀ ਮਨੋਵਿਗਿਆਨਕ ਤ੍ਰਾਸਦੀ ਵੀ ਬਣਾਕੇ ਪੇਸ਼ ਕੀਤਾ ਹੈ। ਇਸ ਨਾਟਕ ਵਿਚ ਤਿੰਨੇ ਪ੍ਰਮੁੱਖ ਪਾਤਰ ਆਪੋ-ਆਪਣੇ ਮਨੋਵੇਗਾਂ ਅਧੀਨ ਸਥਾਪਤ ਸਮਾਜਕ ਕਦਰਾਂ ਕੀਮਤਾਂ ਦਾ ਟਾਕਰਾ ਕਰਦੇ ਨਜ਼ਰ ਆਉਂਦੇ ਹਨ। ਇਕ ਪਾਸੇ ਰੀਟਾ ਹੈ ਜੋ ਕਿ ਪੱਛਮੀ ਸਮਾਜ-ਸਭਿਆਚਾਰ ਦੇ ਅਵਚੇਤਨ ਦਾ ਪ੍ਰਤੀਕ ਬਣਦੀ ਹੈ ਤੇ ਦੂਜੇ ਪਾਸੇ ਵੀਨਾ ਹੈ ਜੋ ਭਾਰਤੀ ਸਮਾਜ-ਸਭਿਆਚਾਰ ਦੇ ਅਵਚੇਤਨ ਨੂੰ ਪੇਸ਼ ਕਰ ਰਹੀ ਹੈ ਅਤੇ ਇਨ੍ਹਾਂ ਦੋਹਾਂ ਵਿਚਕਾਰ ਅਜੀਤ ਇਕ ਅਜਿਹੇ ਪਾਤਰ ਬਣਕੇ ਉਭਰਦਾ ਹੈ ਜੋ ਇਨ੍ਹਾਂ ਦੋਹਾਂ ਵਿਚਕਾਰ ਫਸਿਆ ਹੋਇਆ ਹੈ ਅਤੇ ਆਪਣੀਆਂ ਕੁਦਰਤੀ ਕਾਮਨਾਵਾਂ ਹੱਥੋਂ ਮਜਬੂਰ ਹੋਕੇ ਸਮਾਜਕ ਤੌਰ ਤੇ ਗਲਤ ਨਿਰਣੇ ਲੈਂਦਾ ਹੈ ਜੋ ਉਸਦੀ ਤ੍ਰਾਸਦੀ ਦਾ ਕਾਰਣ ਬਣਦੇ ਹਨ ।

ਰੀਟਾ ਵੀ ਇਕ ਪਾਸੇ ਤਾਂ ਆਪਣੀਆਂ ਕੁਦਰਤੀ ਕਾਮਨਾਵਾਂ ਦੀ ਪੂਰਤੀ ਲਈ ਜੂਝ ਰਹੀ ਹੈ ਤੇ ਦੂਜੇ ਪਾਸੇ ਇਕ ਵੱਖਰੇ ਸਮਾਜ ਦਾ ਮੁਕਾਬਲਾ ਵੀ ਕਰ ਰਹੀ ਹੈ । ਇਸ ਜਦੋ-ਜਹਿਦ ਵਿਚ ਉਸਦੀ ਕੁਦਰਤੀ ਕਾਮਨਾ ਦਾ ਪੂਰੀ ਹੋ ਜਾਂਦੀ ਹੈ ਪਰ ਸਮਾਜਕ ਵਿਵਸਥਾ ਸਾਹਮਣੇ ਉਹ ਬੇਬਸ ਨਜ਼ਰ ਆਉਂਦੀ ਹੈ । ਇਸੇ ਤਰ੍ਹਾਂ ਵੀਨਾ ਭਾਰਤੀ ਸਮਾਜਕ ਕਦਰਾਂ ਕੀਮਤਾਂ ਵਿਚ ਰਹਿੰਦਿਆਂ ਅਜੀਤ ਨੂੰ ਪ੍ਰਾਪਤ ਕਰਨਾ ਲੋਚਦੀ ਹੈ ਪਰ ਕੁਦਰਤੀ ਕਾਮਨਾਵਾਂ ਅੱਗੇ ਹਾਰਨ ਦਾ ਡਰ ਉਸਨੂੰ ਬੇਚੈਨ ਕਰਦਾ ਹੈ । ਨਾਟਕ ਦੇ ਅੰਤ ਵਿਚ ਇਨ੍ਹਾਂ ਪਾਤਰਾਂ ਨੂੰ ਜਿਸ ਮਾਨਸਿਕ ਸਥਿਤੀ ਦੇ ਟਕਰਾਓ ਵਿਚ ਪੇਸ਼ ਕੀਤਾ ਹੈ ਉਸ ਵਿਚੋਂ ਇਕ ਤ੍ਰਾਸਦ ਸਥਿਤੀ ਪੈਦਾ ਹੁੰਦੀ ਹੈ । ਰੀਟਾ ਅਜੀਤ ਦਾ ਗਲਾ ਘੋਟਕੇ ਉਸਨੂੰ ਮਾਰ ਦਿੰਦੀ ਹੈ ਤੇ ਦਾਅਵਾ ਕਰਦੀ ਹੈ ਕਿ ਉਸਨੇ ਅਜੀਤ ਨੂੰ ਹਮੇਸ਼ਾਂ ਲਈ ਆਪਣੀ ਕੁੱਖ ਵਿਚ ਸਾਂਭ ਲਿਆ ਹੈ । ਇਹ ਉਸਦੀ ਕੁਦਰਤੀ ਕਾਮਨਾਂ ਦੀ ਪ੍ਰਾਪਤੀ ਤਾਂ ਹੋ ਸਕਦੀ ਹੈ ਪਰ ਅਜੀਤ ਨੂੰ ਵੀਨਾ ਕੋਲ ਜਾਂਦਿਆ ਵੇਖ ਜੋ ਈਰਖਾ ਉਸਨੂੰ ਉਸਦਾ ਕਤਲ ਕਰਨ ਲਈ ਪ੍ਰੇਰਦੀ ਹੈ ਉਹ ਇਕ ਤ੍ਰਾਸਦਕ ਸਥਿਤੀ ਨੂੰ ਪੇਸ਼ ਕਰਦੀ ਹੈ । ਜਿਸ ਵਿਚ ਉਸਨੇ ਅਜੀਤ ਨੂੰ ਹਮੇਸ਼ਾਂ ਲਈ ਖੋ ਦਿੱਤਾ ਹੈ ।

ਇਸੇ ਤਰ੍ਹਾਂ ਅਜੀਤ ਵੀ ਤ੍ਰਾਸਦਕ ਸਥਿਤੀ ਵਿਚ ਮੌਤ ਦਾ ਸ਼ਿਕਾਰ ਹੁੰਦਾ ਹੈ । ਉਸਦੇ ਸਾਹਮਣੇ ਵੀਨਾ ਨਾਲ ਵਿਆਹ ਕਰਾਉਣ ਅਤੇ ਰੀਟਾ ਨਾਲ ਪਿਆਰ ਰਚਾਉਣ ਦਾ ਫੈਸਲਾ ਕਰਨ ਦੀ ਕਸ਼ਮਕਸ਼ ਚਲ ਰਹੀ ਹੁੰਦੀ ਹੈ । ਉਹ ਵੀਨਾ ਨਾਲ ਵਿਆਹ ਕਰਨਾ ਕਬੂਲਦਾ ਹੈ ਤੇ ਨਾਲ ਹੀ ਰੀਟਾ ਨਾਲ ਫਿਰ ਜਿਸਮਾਨੀ ਸੰਬੰਧ ਵੀ ਕਾਇਮ ਕਰ ਲੈਂਦਾ ਹੈ। ਨਾਟਕ ਵਿਚ ਇਹ ਸਥਿਤੀ ਐਸੀ ਬਣਦੀ ਹੈ ਕਿ ਅਜੀਤ ਕੋਈ ਵੀ ਫੈਸਲਾ ਕਰੇ ਦੋਹਾਂ ਵਿਚ ਉਸਦੀ ਹਾਰ ਹੀ ਜਾਪਦੀ ਹੈ। ਉਸ ਉਤੇ ਤਰਸ ਵੀ ਆਉਂਦਾ ਹੈ ਤੇ ਇਹੋ ਸਥਿਤੀ ਦਰਸ਼ਕਾਂ ਵਿਚ ਇਕ ਕਿਸਮ ਦੇ ਭੈ ਦਾ ਸੰਚਾਰ ਕਰਦੀ ਵੀ ਪ੍ਰਤੀਤ ਹੁੰਦੀ ਹੈ ਕਿ ਆਪਣੇ ਤੋਂ ਵੱਡੀ ਸਮਾਜਕ ਵਿਵਸਥਾ ਨਾਲ ਟਕਰਾਉਣ ਦੀ ਹੋਣੀ ਇਹੋ ਹੁੰਦੀ ਹੈ । ਇਸੇ ਕਿਸਮ ਦਾ ਤਰਸ ਤੇ ਡਰ ਰੀਟਾ ਅਤੇ ਵੀਨਾ ਪ੍ਰਤੀ ਵੀ ਪੈਦਾ ਹੁੰਦਾ ਹੈ ।

ਜੇ ਇਸ ਨਾਟਕੀ ਕਾਰਜ ਨੂੰ ਹੋਰ ਗਹੁ ਨਾਲ ਵੇਖੀਏ ਤਾਂ ਇਹ ਦੋ ਵੱਖ-ਵੱਖ ਸਮਾਜਕ ਅਵਚੇਤਨ ਦੇ ਸਿਰਜੇ ਹੋਏ ਮਨੁੱਖੀ ਪਾਤਰਾਂ ਸਾਹਮਣੇ ਮਾਨਸਿਕ ਟਕਰਾਓ ਦੀ ਸਥਿਤੀ ਨੂੰ ਪੇਸ਼ ਕਰਦਾ ਹੈ। ਜਿਸਦੇ ਸਾਹਮਣੇ ਉਸਦੀਆਂ ਕੁਦਰਤੀ ਕਾਮਨਾਵਾਂ ਦੀ ਪੂਰਤੀ ਅਤੇ ਪ੍ਰਗਟਾਵੇ ਦੇ ਮਸਲੇ ਪਏ ਹੋਏ ਹਨ । ਦੋਹਾਂ ਸਮਾਜਕ ਵਿਵਸਥਾਵਾਂ ਕੁਦਰਤੀ ਕਾਮਨਾਵਾਂ ਦੇ ਪ੍ਰਗਟਾਵੇ ਉੱਪਰ ਬੰਦਸ਼ਾਂ ਲਾਉਂਦੀਆਂ ਹਨ ਭਾਵੇ ਕੋਈ ਘੱਟ ਹੋਵੇ ਜਾ ਕੋਈ ਵੱਧ । ਇਸ ਤਰ੍ਹਾਂ ਨਾਟਕ ਦਾ ਕਾਰਜ ਕਾਫੀ ਗੰਭੀਰ ਰੂਪ ਧਾਰਣ ਕਰ ਲੈਂਦਾ ਹੈ । ਇਸ ਵਿਚ ਪਾਤਰ ਭਾਵੇਂ ਸਧਾਰਣ ਮਨੁੱਖ ਹਨ ਪਰ ਫਿਰ ਵੀ ਉਨ੍ਹਾਂ ਅੰਦਰ ਸਮਾਜਕ

ਢਾਂਚੇ ਨਾਲ ਲੜਨ ਦੀ ਕੁਦਰਤੀ ਲੋਚਾ ਤਾਂ ਹੈ ਪਰ ਇਸ ਟਕਰਾਓ ਦੀ ਹੋਣੀ ਬਾਰੇ ਚੇਤਨਾ ਮੌਜੂਦ ਵੀ ਹੈ । ਨਾਟਕਕਾਰ ਨਾਟਕ ਦੇ